ਸੰਮਤ: **੫੫੮** ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੪ ਚੇਤ ਸੰਨ ੨੦੨੬ Monday, 06 April

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



7 ਅਪ੍ਰੈਲ ਨੂੰ ਪ੍ਰਕਾਸ਼ ਪੁਰਬ ਲਈ ਵਿਸ਼ੇਸ਼

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਅਤੇ ਅਸੀਂ

ਗੁਰੂ ਤੇਗ ਬਹਾਦਰ ਜੀ ਨੂੰ ਧਾਰਮਿਕ ਆਜ਼ਾਦੀ ਖਾਤਰ 1675 ਵਿੱਚ ਔਰੰਗਜ਼ੇਬ ਵੱਲੋਂ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪਹਿਲੇ ਸ਼ਹੀਦ ਵਜੋਂ ਸੰਸਾਰ ਭਰ ਵਿੱਚ ਜਾਣਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ, ਸਮੁੱਚੀ ਸ਼ਖ਼ਸੀਅਤ ਅਤੇ ਸ਼ਹਾਦਤ ਨੇ ਭਵਿੱਖ ਨੂੰ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਿਤ ਕੀਤਾ। ਦਰਅਸਲ, ਮਹਾਨ ਵਿਅਕਤੀਆਂ ਦੀਆਂ ਸ਼ਹਾਦਤਾਂ ਹੀ ਵਕਤ ਨੂੰ ਨਵਾਂ ਮੋੜ, ਨਵੀਂ ਦਿਸ਼ਾ ਅਤੇ ਨਵੀਂ ਦਿੱਖ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਰਾਹੀਂ ਕਿਸੇ ਕੌਮ ਦੀ ਵਿਲੱਖਣ ਪਛਾਣ ਦੀ ਸਿਰਜਣਾ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਦੋ ਤਰੀਕਿਆਂ ਨਾਲ ਸਿੱਖ ਇਤਿਹਾਸ ਅਤੇ ਸਰੋਕਾਰਾਂ ਨੂੰ ਪ੍ਰਭਾਵਿਤ ਕੀਤਾ।ਖਾਲਸਾ ਪੰਥ ਦੀ ਸਿਰਜਣਾ: ਜਦੋਂ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਆਨੰਦ ਸਾਹਿਬ ਲਿਆਏ ਤਾਂ ਉਸ ਨੂੰ ਦੇਖ ਕੇ 9 ਸਾਲ ਦੇ ਬਾਲ ਗੋਬਿੰਦ ਦੇ ਮਨ ’ਤੇ ਇਸ ਕਹਿਰ, ਕਤਲ ਅਤੇ ਜ਼ੁਲਮ ਦਾ ਬਹੁਤ ਡੂੰਘਾ ਅਸਰ ਹੋਇਆ ਹੋਵੇਗਾ। ਬਾਲਮਨ ਨੇ ਸੋਚਿਆ ਤਾਂ ਜ਼ਰੂਰ ਹੋਵੇਗਾ ਕਿ ਇਹ ਕਿਉਂ ਹੋਇਆ? ਕਿਸ ਨੇ ਕੀਤਾ? ਮੇਰੇ ਪਿਤਾ ਜੀ ਦਾ ਕੀ ਕਸੂਰ ਸੀ? ਇਹ ਜ਼ਬਰ-ਜ਼ੁਲਮ ਕਿਉਂ ਢਾਇਆ ਗਿਆ? ਬਾਪ ਦਾ ਸਾਇਆ ਸਿਰੋਂ ਉੱਠ ਜਾਵੇ ਤਾਂ ਬੱਚੇ ਲਈ ਸਾਰਾ ਜਹਾਨ ਹੀ ਬੇਗਾਨਾ ਹੋ ਜਾਂਦਾ ਹੈ। ਬਾਲ ਗੋਬਿੰਦ ਦੇ ਮਨ ਵਿੱਚ ਉੱਠੀ ਪੀੜਾ, ਗੁੱਸਾ ਤੇ ਵੇਦਨਾ ਨੇ ਹੌਲੀ ਹੌਲੀ ਰੋਹ ਦਾ ਰੂਪ ਧਾਰਿਆ ਹੋਵੇਗਾ ਤਾਂ ਹੀ ਗੁਰੂ ਜੀ ਬਚਿੱਤਰ ਨਾਟਕ ਵਿੱਚ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸਮੇਂ ਨੂੰ ਯਾਦ ਕਰਦਿਆਂ ਉਚਾਰਦੇ ਹਨ;ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ।।ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।।ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।ਜਿਉਂ ਜਿਉਂ ਬਾਲ ਗੋਬਿੰਦ ਜੀ ਜਵਾਨ ਹੋਏ, ਉਨ੍ਹਾਂ ਨੇ ਜ਼ਾਲਮਾਨਾ ਸਥਿਤੀਆਂ ਦਾ ਟਾਕਰਾ ਕਰਨ ਲਈ ਇੱਕ ਸੰਗਠਿਤ ਜੰਗਜੂ ਕੌਮ ਨੂੰ ਤਿਆਰ ਕਰਨ ਦਾ ਮਨ ਵਿੱਚ ਧਾਰਿਆ ਜੋ ਧਰਮ, ਜਾਤ, ਰੰਗ, ਨਸਲ ਜਾਂ ਕੌਮ ਤੋਂ ਉੱਪਰ ਉੱਠ ਕੇ ਜ਼ੁਲਮ ਅਤੇ ਜ਼ਬਰ ਦਾ ਟਾਕਰਾ ਕਰ ਸਕੇ। ਸ਼ਹਾਦਤ ਤੋਂ ਪੂਰੇ 24 ਸਾਲ ਬਾਅਦ 33 ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕਰਨ ਲਈ 1699 ਦੀ ਵਿਸਾਖੀ ਨੂੰ ਚੁਣਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ, ਜਜ਼ਬੇ ਅਤੇ ਜਜ਼ਬਾਤਾਂ ਨੂੰ ਜਰਬ ਦਿੱਤੀ ਜੋ ਖਾਲਸਾ ਪੰਥ ਦੀ ਸਿਰਜਣਾ ਦਾ ਆਧਾਰ ਬਣੀ ਅਤੇ ਸਿੱਖ ਕੌਮ ਨੇ ਲਾਸਾਨੀ ਕੁਰਬਾਨੀਆਂ ਅਤੇ ਬੇਮਿਸਾਲ ਬਹਾਦਰੀ ਦਾ ਇਤਿਹਾਸ ਸਿਰਜਿਆ ਅਤੇ ਸਿਰਜ ਰਿਹਾ ਹੈ।ਜ਼ਬਰ ਤੇ ਜ਼ੁਲਮ ਦਾ ਸੰਗਠਿਤ ਰੂਪ ਵਿੱਚ ਟਾਕਰਾ: ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਜੀ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਹਾਕਮਾਂ ਦਾ ਤਸ਼ੱਦਦ ਸਹਿੰਦਿਆਂ, ‘ਤੇਰਾ ਕੀਆ ਮੀਠਾ ਲਾਗੈ’ ਅਨੁਸਾਰ ਸ਼ਹਾਦਤ ਦਿੱਤੀ। ਗੁਰੂ ਹਰਿਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਅਧਿਆਤਮਕਤਾ ਦੇ ਨਾਲ ਨਾਲ ਜ਼ੁਲਮ ਖਿਲਾਫ਼ ਤਲਵਾਰ ਉਠਾਉਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ, ਪਰ ਸਮੁੱਚੀ ਸਿੱਖੀ ਸੋਚ ਵਿੱਚ ਜ਼ੁਲਮ, ਅਨਿਆਂ, ਬੇਇਨਸਾਫ਼ੀ ਅਤੇ ਧਾਰਮਿਕ ਕੱਟੜਤਾ ਵਿਰੁੱਧ ਸੰਗਠਿਤ ਰੂਪ ਵਿੱਚ ਵਿਰੋਧ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਹੀ ਸ਼ੁਰੂ ਹੋਇਆ। ਯਾਦ ਰਹੇ ਕਿ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨਾ ਤਾਂ ਕਿਸੇ ਖ਼ਾਸ ਧਰਮ ਵਾਸਤੇ ਸੀ ਅਤੇ ਨਾ ਹੀ ਕਿਸੇ ਖ਼ਾਸ ਧਰਮ ਜਾਂ ਹਾਕਮ ਵਿਰੁੱਧ ਸੀ। ਦਰਅਸਲ, ਗੁਰੂ ਜੀ ਦੀ ਕੁਰਬਾਨੀ ਤਾਂ ਧਾਰਮਿਕ ਆਜ਼ਾਦੀ ਲਈ ਸੀ ਅਤੇ ਹਰ ਉਸ ਧਰਮ ਵਿਰੁੱ◌ੱਧ ਸੀ ਜਿਹੜਾ ਕਿਸੇ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜਬੂਰ ਕਰਦਾ ਹੈ। ਇਹ ਵਿਰੋਧ ਕਿਸੇ ਖ਼ਾਸ ਹਾਕਮ ਵਿਰੁੱਧ ਵੀ ਨਹੀਂ ਸੀ। ਸਿਰਫ਼ ਜ਼ਾਲਮ ਅਤੇ ਜ਼ਬਰ ਢਾਹੁਣ ਵਾਲੇ ਹਾਕਮ ਵਿਰੁੱਧ ਸੀ।ਸੋਚਣ ਵਾਲੀ ਗੱਲ ਇਹ ਹੈ ਕਿ ਕੀ ਮੌਜੂਦਾ ਦੌਰ ਵਿੱਚ ਵੀ ਅਜਿਹਾ ਵਾਪਰ ਰਿਹੈ? ਕੌਣ ਜ਼ਬਰੀ ਧਰਮ ਪਰਿਵਰਤਨ ਕਰਵਾ ਰਿਹੈ ਅਤੇ ਕੌਣ ਧਾਰਮਿਕ ਨਫ਼ਰਤ ਫੈਲਾ ਰਿਹਾ ਹੈ? ਅਜਿਹੇ ਸਮਿਆਂ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਦੀ ਸਭ ਤੋਂ ਜ਼ਿਆਦਾ ਪ੍ਰਸੰਗਤਾ ਹੈ। ਕੀ ਅਸੀਂ ਸਿਰਫ਼ ਸ਼ਤਾਬਦੀਆਂ ਮਨਾਉਣ ਤੀਕ ਹੀ ਸੀਮਤ ਹਾਂ? ਅਸੀਂ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਕਿਉਂ ਅਵੇਸਲੇ ਹੋ ਗਏ? ਇਹ ਸੋਚਣ ਦੀ ਲੋੜ ਹੈ।ਗੁਰੂ ਤੇਗ ਬਹਾਦਰ ਜੀ ਦੀਆਂ ਸਮੁੱਚੀਆਂ ਸਿੱਖਿਆਵਾਂ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਜੋ ਅਜੋਕੇ ਦੌਰ ਵਿੱਚ ਬਹੁਤ ਪ੍ਰਸੰਗਕ ਹਨ। ਜੇਕਰ ਅਸੀਂ ਆਪਣੇ ਵਿਰਸੇ ਨੂੰ ਬਚਾਉਣਾ ਹੈ, ਧਰਮ ਦੀਆਂ ਮੂਲ ਧਾਰਨਾਵਾਂ ਦੇ ਪਹਿਰੇਦਾਰ ਬਣਨਾ ਹੈ ਅਤੇ ਆਪਣੀ ਵਿਰਾਸਤ ਨੂੰ ਅਗਲੀ ਪੀੜ੍ਹੀ ਦੇ ਨਾਮ ਲਾਉਣਾ ਹੈ ਤਾਂ ਸਾਨੂੰ ਆਪਣੇ ਅੰਦਰ ਝਾਤੀ ਜ਼ਰੂਰ ਮਾਰਨੀ ਪਵੇਗੀ ਕਿ ਕੀ ਅਸੀਂ ਗੁਰੂ ਜੀ ਦੇ ਸੱਚੇ ਸਿੱਖ ਹਾਂ ਜਾਂ ਸਿਰਫ਼ ਸਿੱਖ ਅਖਵਾਉਣ ਤੀਕ ਹੀ ਸੀਮਤ ਹਾਂ?ਸਮਾਜਿਕ ਨਿਆਂ ਅਤੇ ਸਮਾਨਤਾ: ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼ ਹੈ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਕਿਸੇ ਨਾਲ ਵੀ ਜਾਤ, ਧਰਮ, ਰੰਗ, ਨਸਲ ਜਾਂ ਲਿੰਗ ਦੇ ਆਧਾਰ ’ਤੇ ਕਿਸੇ ਵੀ ਕਿਸਮ ਦਾ ਧਾਰਮਿਕ, ਸਮਾਜਿਕ, ਆਰਥਿਕ ਆਦਿ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਕੀ ਦੁਨੀਆ ਭਰ ਵਿੱਚ ਅਜਿਹਾ ਅਸਾਵਾਂਪਣ ਖ਼ਤਮ ਹੋ ਗਿਆ ਹੈ? ਕੀ ਸੰਸਾਰ ਪੱਧਰ ’ਤੇ ਇਸ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਅਸੀਂ ਕੋਈ ਠੋਸ ਯਤਨ ਵੀ ਕੀਤੇ ਹਨ? ਕੀ ਸਿੱਖਾਂ ਵਿੱਚ ਵੀ ਅਜਿਹੀ ਅਸਮਾਨਤਾ ਬਰਕਰਾਰ ਹੈ ਜਿਸ ਨੂੰ ਸਾਡੇ ਗੁਰੂ ਸਾਹਿਬਾਨ ਨੇ ਖ਼ਤਮ ਕਰਨ ’ਤੇ ਜ਼ੋਰ ਦਿੱਤਾ ਸੀ? ਅਫ਼ਸੋਸ ਕਿ ਅਸੀਂ ਤਾਂ ਜਾਤਾਂ ਦੇ ਨਾਮ ’ਤੇ ਆਪਣੇ ਗੁਰਦੁਆਰੇ ਹੀ ਬਣਾ ਲਏ ਹਨ।ਹਿੰਮਤ ਅਤੇ ਕੁਰਬਾਨੀ: ਗੁਰੂ ਤੇਗ ਬਹਾਦਰ ਜੀ ਦਾ ਸਮੇਂ ਦੇ ਜ਼ੋਰਾਵਰ ਹਾਕਮਾਂ ਸਾਹਵੇਂ ਬੇਖੌਫ਼ ਹੋ ਕੇ ਸੱਚ ਕਹਿਣਾ, ਦਲੇਰੀ ਦਿਖਾਉਣਾ ਅਤੇ ਸ਼ਹਾਦਤ ਪ੍ਰਾਪਤ ਕਰਨਾ, ਇੱਕ ਅਜਿਹਾ ਜਜ਼ਬਾ ਸੀ ਜਿਸ ਨੂੰ ਬੇਦਰਦ ਹਾਕਮ ਵੀ ਦੇਖਦਾ ਰਹਿ ਗਿਆ। ਹਾਕਮ ਹੈਰਾਨ ਤੇ ਪਰੇਸ਼ਾਨ ਸੀ ਕਿ ਕੋਈ ਵਿਅਕਤੀ ਕਿਸੇ ਹੋਰ ਧਰਮ ਦੀ ਧਾਰਮਿਕ ਆਜ਼ਾਦੀ ਦੀ ਬਰਕਰਾਰੀ ਲਈ ਆਪਣੀ ਜਾਨ ਵੀ ਕੁਰਬਾਨ ਕਰ ਸਕਦੈ?ਆਲੇ-ਦੁਆਲੇ ਝਾਤੀ ਮਾਰ ਕੇ ਦੇਖਣਾ ਕਿ ਕਿੰਨੇ ਕੁ ਲੋਕ ਨੇ ਜੋ ਸਮਾਜਿਕ ਤੇ ਧਾਰਮਿਕ ਬੇਇਨਸਾਫ਼ੀਆਂ ਦੇ ਸਾਹਮਣੇ ਹਿੱਕ ਡਾਹੁੰਦੇ ਹਨ। ਬਹੁਤੇ ਲੋਕ ਤਾਂ ਅਜਿਹੇ ਮੌਕਿਆਂ ’ਤੇ ਆਪਣੇ ਨਿੱਜੀ ਮੁਫ਼ਾਦ ਜਾਂ ਰਾਜਸੀ ਹਿੱਤਾਂ ਲਈ ਆਪਣੀ ਜ਼ਮੀਰ ਦਾ ਸੌਦਾ ਵੀ ਕਰ ਲੈਂਦੇ ਹਨ। ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦੀ ਬਜਾਏ ਅਸੀਂ ਤਾਂ ਸਗੋਂ ਕੁਰਾਹੇ ਪੈ ਚੁੱਕੇ ਹਾਂ।ਅੰਤਰ-ਧਰਮ ਸਦਭਾਵਨਾ ਅਤੇ ਸਤਿਕਾਰ: ਗੁਰੂ ਤੇਗ ਬਹਾਦਰ ਜੀ ਦਾ ਸਾਰੇ ਧਰਮਾਂ ਪ੍ਰਤੀ ਸਦਭਾਵਨਾ ਅਤੇ ਸਤਿਕਾਰ ਦਾ ਸਿਖਰ ਹੀ ਸੀ ਕਿ ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਦਾ ਮੰਨਣਾ ਸੀ ਕਿ ਧਰਮ ਨੂੰ ਮੰਨਣਾ, ਰਹੁਰੀਤਾਂ ਅਤੇ ਮਰਿਆਦਾਵਾਂ ਨੂੰ ਅਪਨਾਉਣਾ ਹਰੇਕ ਇਨਸਾਨ ਦਾ ਨਿੱਜੀ ਹੱਕ ਹੈ। ਇਸ ਵਿੱਚ ਕਿਸੇ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ ਅਤੇ ਹਰੇਕ ਧਰਮ ਦਾ ਸਤਿਕਾਰ ਕਰਨਾ ਚਾਹੀਦਾ ਹੈ, ਪਰ ਕੀ ਅਜੋਕੇ ਸਮਾਜਿਕ ਵਰਤਾਰੇ ਵਿੱਚ ਅਜਿਹਾ ਹੋ ਰਿਹਾ ਹੈ? ਧਾਰਮਿਕ ਸੰਕੀਰਨਤਾ ਅਤੇ ਕੱਟੜਤਾ ਨੇ ਸਾਨੂੰ ਨਿੱਕੇ ਨਿੱਕੇ ਦਾਇਰਿਆਂ ਵਿੱਚ ਵੰਡ ਦਿੱਤਾ ਹੈ। ਅਸੀਂ ਵਸੀਹ ਹੋਣ ਦੀ ਬਜਾਏ ਸੁੰਗੜ ਗਏ ਹਾਂ ਅਤੇ ਇਹੀ ਸੁੰਗੜਨਾ ਸਾਨੂੰ ਅਸਹਿਣਸ਼ੀਲ ਅਤੇ ਤਰਕਹੀਣ ਬਣਾ ਰਿਹਾ ਹੈ। ਜਦੋਂ ਕਿਸੇ ਕੌਮ ਕੋਲੋਂ ਤਰਕ, ਦਲੀਲ ਅਤੇ ਸਹਿਚਾਰ ਗੁੰਮ ਹੋ ਜਾਵੇ ਤਾਂ ਅਜਿਹੀ ਕੌਮ ਦੀ ਗਰਕਣੀ ਨੂੰ ਕੋਈ ਨਹੀਂ ਰੋਕ ਸਕਦਾ? ਜਦੋਂ ਧਾਰਮਿਕ ਆਗੂ ਹੀ ਤੁਹਮਤਬਾਜ਼ੀ ’ਤੇ ਉਤਰ ਆਉਣ ਤਾਂ ਗੁਰੂ ਦੀਆਂ ਸਿੱਖਿਆਵਾਂ ਦੇ ਕੀ ਅਰਥ ਰਹਿ ਜਾਂਦੇ ਨੇ? ਅਸੀਂ ਕਿਸ ਤਰ੍ਹਾਂ ਦੇ ਸਿੱਖ ਹਾਂ? ਬਹੁਤ ਗੰਭੀਰ ਸਵਾਲ ਸਾਡੇ ਸਾਰਿਆਂ ਦੇ ਸਨਮੁੱਖ ਹੈ ਜਿਸ ਦਾ ਜਵਾਬ ਵੀ ਸਾਨੂੰ ਆਪਣੇ ਅੰਦਰੋਂ ਹੀ ਲੱਭਣਾ ਪਵੇਗਾ।ਮਾਨਸਿਕ ਸਕੂਨ ਅਤੇ ਅੰਤਰੀਵੀ ਸੁਖਨ: ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਉਨ੍ਹਾਂ ਲੋਕਾਂ ਦਾ ਮਾਰਗ-ਦਰਸ਼ਨ ਕਰਦੀਆਂ ਹਨ ਜੋ ਭਟਕਣਾ ਨੂੰ ਤਿਆਗ, ਮਾਨਸਿਕ ਸ਼ਾਂਤੀ ਅਤੇ ਸੰਤੁਸ਼ਟਮਈ ਜੀਵਨ-ਜਾਚ ਦੇ ਚਾਹਵਾਨ ਹਨ। ਇਹ ਸਾਨੂੰ ਆਪਣੇ ਆਪ ਨਾਲ ਜੋੜਦੀਆਂ, ਆਪਣੇ ਅੰਦਰੋਂ ਹੀ ਸੁੱਖ ਅਤੇ ਸ਼ਾਂਤੀ ਨੂੰ ਪ੍ਰਾਪਤ ਕਰਨ ਦੀ ਤਰਕੀਬ ਦੱਸਦੀਆਂ ਹਨ। ਗੁਰੂ ਤੇਗ ਬਹਾਦਰ ਜੀ ਦੇ ਆਦਿ-ਗ੍ਰੰਥ ਵਿੱਚ ਸ਼ਾਮਲ 59 ਸ਼ਬਦ ਅਤੇ ਸਲੋਕਾਂ ਨੂੰ ਪੜ੍ਹ, ਸਮਝ ਅਤੇ ਜੀਵਨ-ਜੁਗਤੀ ਦਾ ਹਿੱਸਾ ਬਣਾ ਕੇ ਅਸੀਂ ਆਪਣੇ ਜੀਵਨ ਨੂੰ ਸੁਖਨਮਈ, ਸਕੂਨਮਈ ਅਤੇ ਸਹਿਜਮਈ ਬਣਾ ਸਕਦੇ ਹਨ। ਗੁਰੂ ਜੀ ਬਾਣੀ ਵਿੱਚ ਫੁਰਮਾਉਂਦੇ ਹਨ:ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ। ਰਹਾਉ।ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।ਜਾਂਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।ਇਹ ਸ਼ਬਦ ਸੁੰਦਰ ਜੀਵਨ-ਸ਼ੈਲੀ ਦਾ ਸਾਰ ਹਨ। ਕੀ ਅਸੀਂ ਸ਼ਬਦ-ਜੋਤ ਨੂੰ ਸਿਰਫ਼ ਪੜ੍ਹਨ ਤੀਕ ਤਾਂ ਸੀਮਤ ਨਹੀਂ ਕਰ ਰਹੇ? ਕੀ ਕਦੇ ਅਸੀਂ ਇਸ ਸ਼ਬਦ-ਸੋਚ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਇਆ ਹੈ? ਜ਼ਰਾ ’ਕੱਲੇ ਬਹਿ ਕੇ ਸੋਚਣਾ? ਗੁਰੂ ਜੀ ਦੀ 1675 ਵਿੱਚ ਹੋਈ ਸ਼ਹਾਦਤ ਤੋਂ ਬਾਅਦ ਇਸ ਸ਼ਹਾਦਤ ਨੂੰ ਨਮਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਚੰਦਰ ਸੈਨ ਸੈਨਾਪਤੀ ਨੇ ਆਪਣੀ ਕਵਿਤਾ ‘ਸ੍ਰੀ ਗੁਰ ਸੋਭਾ’ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਲਿਖਿਆ ਸੀ;ਪ੍ਰਗਟ ਭਈ ਗੁਰ ਤੇਗ ਬਹਾਦਰ ਸਗਲ ਸ੍ਰਿਸ਼ਟ ਪੇ ਢਾਪੀ ਚਾਦਰਯਾਨੀ ਗੁਰੂ ਤੇਗ ਬਹਾਦਰ ਜੀ ਨੂੰ ‘ਸ੍ਰਿਸ਼ਟੀ ਦੀ ਚਾਦਰ’ ਕਹਿ ਕੇ ਉਚਤਮ ਮਾਣ ਬਖ਼ਸ਼ਿਆ ਸੀ। ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਸਮੁੱਚੀ ਲੋਕਾਈ ਲਈ ਹਨ। ਉਨ੍ਹਾਂ ਨੇ ਹਰ ਮਨੁੱਖ ਦੇ ਅਧਿਕਾਰਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਉਹ ਸਮੁੱਚੀ ਮਾਨਵਤਾ ਦੇ ਰਹਿਬਰ ਹਨ ਅਤੇ ਦੁਨੀਆ ਦਾ ਹਰ ਮਨੁੱਖ ਉਨ੍ਹਾਂ ਦੀ ਸੋਚ ਅਤੇ ਸੰਵੇਦਨਾ ਵਿੱਚ ਸਮਾਇਆ ਹੋਇਆ ਹੈ।ਫਿਰ ਅਸੀਂ ਗੁਰੂ ਤੇਗ ਬਹਾਦਰ ਜੀ ਨੂੰ ‘ਧਰਮ ਦੀ ਚਾਦਰ’ ਕਹਿ ਸਿਰਫ਼ ਇੱਕ ਧਰਮ ਤੀਕ ਹੀ ਸੀਮਤ ਕਰ ਦਿੱਤਾ ਜਦੋਂ ਕਿ ਉਨ੍ਹਾਂ ਦੀ ਸ਼ਹਾਦਤ ਸੰਸਾਰ ਦੇ ਸਾਰੇ ਧਰਮਾਂ ਲਈ ਸੀ ਕਿ ਹਰੇਕ ਨੂੰ ਆਪਣੀ ਇੱਛਾ ਅਨੁਸਾਰ ਧਰਮ ਅਪਨਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਹੁਣ ਤਾਂ ਗੁਰੂ ਜੀ ਦੀ ਸ਼ਹਾਦਤ ਸਿਰਫ਼ ਇੱਕ ਖਿੱਤੇ ਤੀਕ ਸੀਮਤ ਕਰਦਿਆਂ ‘ਹਿੰਦ ਦੀ ਚਾਦਰ’ ਕਹਿਣ ਲੱਗ ਪਏ ਹਾਂ। ਬਹੁਤ ਫ਼ਰਕ ਹੈ, ‘ਸ੍ਰਿਸ਼ਟੀ ਦੀ ਚਾਦਰ’, ‘ਧਰਮ ਦੀ ਚਾਦਰ’ ਅਤੇ ‘ਹਿੰਦ ਦੀ ਚਾਦਰ’ ਵਿੱਚ। ਜਾਂ ਤਾਂ ਅਸੀਂ ਹੀ ਭੋਲੇ ਹਾਂ ਜਾਂ ਗੁਰੂ ਨੂੰ ‘ਸ੍ਰਿਸ਼ਟੀ ਦੀ ਚਾਦਰ’ ਤੋਂ ‘ਧਰਮ ਦੀ ਚਾਦਰ’ ਅਤੇ ਫਿਰ ‘ਹਿੰਦ ਦੀ ਚਾਦਰ’ ਕਹਿਣ ਵਾਲੇ ਬਹੁਤ ਚਲਾਕ ਹਨ। ਉਹ ਗੁਰੂ ਜੀ ਦੀ ਅਦੁੱਤੀ ਸ਼ਹਾਦਤ ਨੂੰ ਨੀਵਾਂ ਦਿਖਾਉਣ ਲਈ ਇਹ ਸਭ ਕੁੱਝ ਕਰਦੇ ਰਹੇ ਅਤੇ ਅਸੀਂ ਸਮਝ ਹੀ ਨਾ ਸਕੇ। ਇਹ ਕੌਣ ਕਰ ਰਿਹਾ ਹੈ? ਕਿਹੜੇ ਲੋਕ ਨੇ ਜੋ ਮਹਾਨ ਕੁਰਬਾਨੀ ਨੂੰ ਸੀਮਤ ਕਰਕੇ, ਇਸ ਕੁਰਬਾਨੀ ਦਾ ਸੰਦੇਸ਼ ਸਮੁੱਚੀ ਲੋਕਾਈ ਤੀਕ ਪਹੁੰਚਾਉਣ ਤੋਂ ਰੋਕਣ ਲਈ ਅਸਿੱਧੇ ਰੂਪ ਵਿੱਚ ਕੋਸ਼ਿਸ਼ ਕਰ ਰਹੇ ਹਨ? ਸਾਨੂੰ ਇਹ ਤਾਂ ਸਮਝਣਾ ਹੀ ਪਵੇਗਾ।ਦਰਅਸਲ, ਕੁੱਝ ਕੁ ਲੋਕਾਂ ਦੀ ਸੰਕੀਰਨਤਾ ਹੁੰਦੀ ਹੈ ਕਿ ਉਹ ਕਿਸੇ ਮਹਾਨ ਵਿਅਕਤੀ ਦੀ ਵਡਿਆਈ ਨੂੰ ਸੀਮਤ ਕਰਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਹਨ। ਅੰਗਰੇਜ਼ ਫ਼ਿਲਾਸਫ਼ਰ ਵਿਲਸਨ ਸੱਭਿਆਚਾਰਕ ਪ੍ਰਤੀਕਾਂ ਨੂੰ ਰਾਜਸੀ ਅਤੇ ਸਵਾਰਥੀ ਹਿੱਤਾਂ ਲਈ ਵਰਤਣ ਪ੍ਰਤੀ ਸੁਚੇਤ ਕਰਦਿਆਂ ਕਹਿੰਦਾ ਹੈ, “ਦੂਜਿਆਂ ਦੇ ਕੀਤੇ ਅੱਤਿਆਚਾਰਾਂ ਤੋਂ ਲਾਭ ਉਠਾਉਣਾ ਅਤੇ ਰਾਜਨੀਤਕ ਲੋਭ ਲਈ ਹੋਰ ਸੱਭਿਆਚਾਰਾਂ ਦਾ ਸ਼ੋਸ਼ਣ ਕਰਨਾ, ਸਮਾਨਤਾ ਅਤੇ ਮੁਕਤੀ ਲਈ ਕੀਤੇ ਜਾਣ ਵਾਲੇ ਲੋਕ-ਸੰਘਰਸ਼ਾਂ ਨੂੰ ਕਮਜ਼ੋਰ ਕਰਦਾ ਹੈ।”ਕੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕਿਸੇ ਖ਼ਾਸ ਧਰਮ ਅਤੇ ਖਿੱਤੇ ਤੀਕ ਸੀਮਤ ਕਰਕੇ ਕੋਈ ਧਿਰ ਆਪਣੇ ਮੁਫ਼ਾਦ ਦੀ ਪੂਰਤੀ ਤਾਂ ਨਹੀਂ ਕਰ ਰਹੀ? ਕੀ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਿੱਜੀ ਹਿੱਤਾਂ ਲਈ ਵਰਤਣਾ ਕਿਸੇ ਨੂੰ ਸ਼ੋਭਾ ਦਿੰਦਾ ਹੈ? ਇਸ ਪ੍ਰਤੀ ਤਾਂ ਸਾਨੂੰ ਹੀ ਫ਼ਿਕਰਮੰਦ ਅਤੇ ਸਾਵਧਾਨ ਹੋਣ ਦੀ ਲੋੜ ਹੈ। ਸ਼ਹਾਦਤਾਂ ਦੇ ਮਾਣਮੱਤੇ ਇਤਿਹਾਸ ਨੂੰ ਦੁਨੀਆ ਸਾਹਵੇਂ ਰੱਖੀਏ ਤਾਂ ਕਿ ਸਮੁੱਚੀ ਲੋਕਾਈ ਇਹ ਜਾਣ ਸਕੇ ਕਿ ਸਿੱਖ ਧਰਮ ਕਿਹੋ ਜਿਹੀਆਂ ਕੁਰਬਾਨੀਆਂ ਦਾ ਮੁਜੱਸਮਾ ਹੈ ਜਿਸ ਤੋਂ ਜ਼ਿਆਦਾਤਰ ਲੋਕ ਅਣਜਾਣ ਹਨ।ਯਾਦ ਰੱਖਣਾ! ਆਪਣੀ ਗੌਰਵਮਈ ਵਿਰਾਸਤ ਨੂੰ ਭੁੱਲਣ ਵਾਲੀਆਂ ਕੌਮਾਂ ਬਹੁਤ ਜਲਦੀ ਇਤਿਹਾਸ ਦੇ ਵਰਕਿਆਂ ਤੋਂ ਮਿਟ ਜਾਂਦੀਆਂ ਹਨ ਜਦੋਂ ਕਿ ਆਪਣੇ ਵਿਰਸੇ ਨਾਲ ਜੁੜਨ ਅਤੇ ਇਸ ਦੀ ਮਾਣ ਮਰਿਆਦਾ ਨੂੰ ਹਰਦਮ ਅੱਗੇ ਤੋਰਨ ਵਾਲੀਆਂ ਕੌਮਾਂ ਹਰ ਯੁੱਗ ਦਾ ਮਾਣ ਹੁੰਦੀਆਂ ਹਨ। ਸਾਡਾ ਭਵਿੱਖ ਬਹੁਤ ਰੋਸ਼ਨ ਹੋਵੇਗਾ ਜਦੋਂ ਅਸੀਂ ਗੁਰੂ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸੁਚਾਰੂ ਰੂਪ ਵਿੱਚ ਪ੍ਰਚਾਰਾਂਗੇ। ਇਸ ਨਾਲ ਅਸੀਂ ਮਾਣਮੱਤੀ ਵਿਰਾਸਤ ਨੂੰ ਜਿਊਂਦਾ ਰੱਖਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦਾ ਅਹਿਦ ਵੀ ਪੂਰਾ ਕਰਾਂਗੇ। ’ਕੇਰਾਂ ਜ਼ਰੂਰ ਸੋਚਣਾ ਕਿ ਅਸੀਂ ਕਿੱਥੇ ਖੜ੍ਹੇ ਹਾਂ?

**ਡਾ. ਗੁਰਬਖ਼ਸ਼ ਸਿੰਘ ਭੰਡਾਲ**

# ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ



ਭੱਟ ਕੀਰਤ ਜੀ ਅਨੁਸਾਰ ਜਿਨ੍ਹਾਂ ਮਨੁੱਖਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵਿਆ ਹੈ ਉਨ੍ਹਾਂ ਦਾ ਦੁੱਖ ਤੇ ਦਲਿੱਦਰ ਦੂਰ ਹੋ ਜਾਂਦਾ ਹੈ:

ਗੁਰੁ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ।।(ਅੰਗ ੧੩੯੫)

'ਗੰਜਨਾਮਾ' ਵਿਚ ਭਾਈ ਨੰਦ ਲਾਲ ਜੀ ਨੇ ਬਿਆਨ ਕੀਤਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਤੇ ਮਿਹਰ ਗਿਣਤੀ ਤੋਂ ਬਾਹਰ ਹੈ:

ਫ਼ਜ਼ਾਲੇ ਕਰਾਮਸ਼ ਫਜ਼ੂੰ ਅਜ਼ ਸ਼ੁਮਾਰ।।੬੭।।

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਭਾਈ ਤੇਜ ਮੱਲ ਜੀ (ਤੇਜ ਭਾਨ ਜੀ) ਦੇ ਘਰ ਮਾਤਾ ਲੱਛਮੀ (ਸੁਲੱਖਣੀ ਜੀ) ਦੀ ਕੁੱਖੋਂ ੯ ਜੇਠ ਸੰਮਤ ੧੫੩੬ ਬਿ. ਮੁਤਾਬਕ ੫ ਮਈ, ਸੰਨ ੧੪੭੯, ੯ ਜੇਠ ਸੰਮਤ ਨਾਨਕਸ਼ਾਹੀ ੧੧ ਨੂੰ ਪਿੰਡ ਬਾਸਰਕੇ ਦੇ ਸਥਾਨ ਵਿਖੇ ਹੋਇਆ। ਲੱਗਭਗ ੨੩ ਸਾਲ ਦੀ ਉਮਰ ਵਿਚ ੧੧ ਮਾਘ ਸੰਮਤ ੧੫੫੯ ਬਿ. ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਾਦੀ ਸ੍ਰੀ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਰਾਮ ਕੌਰ ਜੀ ਦੇ ਨਾਲ ਹੋਈ। ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਅਤੇ ਭਾਈ ਭਾਨੀ ਜੀ ਅਤੇ ਦੋ ਸਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਪੈਦਾ ਹੋਏ।ਸ੍ਰੀ ਗੁਰੂ ਅਮਰਦਾਸ ਜੀ ਨੂੰ ਇਕ ਵਾਰ ਵੈਸ਼ਨਵ ਸਾਧੂ ਮਿਲਿਆ। ਆਪ ਜੀ ਉਸ ਨੂੰ ਆਪਣੇ ਨਾਲ ਬਾਸਰਕੇ ਲੈ ਆਏ। ਕੁਝ ਦਿਨਾਂ ਬਾਅਦ ਉਸ ਨੇ ਆਪ ਜੀ ਨੂੰ ਪੁੱਛਿਆ ਕਿ ਆਪ ਦਾ ਗੁਰੂ ਕੌਣ ਹੈ? ਆਪ ਨੇ ਉੱਤਰ ਦਿੱਤਾ ਕਿ ਅਜੇ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣ ਕੇ ਉਸ ਨੇ ਕਿਹਾ, "ਮੈਂ ਤੇਰੇ ਨਿਗੁਰੇ ਦੇ ਹੱਥੋਂ ਖਾਂਦਾ-ਪੀਂਦਾ ਰਿਹਾ ਹਾਂ, ਮੇਰੇ ਸਾਰੇ ਸ਼ੁਭ ਕਰਮ ਨਸ਼ਟ ਹੋ ਗਏ ਹਨ। ਨਿਗੁਰੇ ਦਾ ਤਾਂ ਦਰਸ਼ਨ ਭੀ ਬੁਰਾ ਹੈ।" ਇਹ ਕਹਿ ਕੇ ਉਹ ਸਾਧੂ ਚਲਾ ਗਿਆ ਪਰ ਆਪ ਉੱਤੇ ਇਸ ਘਟਨਾ ਦਾ ਬਹੁਤ ਡੂੰਘਾ ਅਸਰ ਹੋਇਆ।ਬੀਬੀ ਅਮਰੋ ਜੀ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਦਾ ਪਾਠ ਬੜੀ ਸ਼ਰਧਾ ਨਾਲ ਉੱਚੀ ਸੁਰ ਨਾਲ ਕਰਿਆ ਕਰਦੇ ਸਨ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਜੀ ਦੇ ਮੂੰਹੋਂ ਗੁਰਬਾਣੀ ਦਾ ਪਾਠ ਸੁਣਿਆ ਤਾਂ ਮਨ ਨੂੰ ਚੰਗਾ ਲੱਗਿਆ ਤੇਉਨ੍ਹਾਂ ਨੂੰ ਗੁਰੂ-ਦਰਸ਼ਨਾਂ ਦੀ ਖਿੱਚ ਪਈ ਜਿਸ ਕਾਰਨ ਕੁਝ ਸਮੇਂ ਬਾਅਦ ਇਕ ਦਿਨ ਖਡੂਰ ਪਹੁੰਚ ਕੇ ਗੁਰ-ਦਰਬਾਰ ਵਿਚ ਹਾਜ਼ਰ ਹੋਏ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ। ਮਨ ਨੂੰ ਸ਼ਾਂਤੀ ਹੋਈ। ਆਪ ਜੀ ਦੀ ਉਮਰ ਉਸ ਵੇਲੇ ੬੨ ਸਾਲਾਂ ਦੀ ਸੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ੩੬ ਵਰ੍ਹੇ ਦੀ। ਗੁਰ-ਦਰਬਾਰ ਵਿਚ ਸਤਿਸੰਗਤ ਦੀ ਭੀੜ ਤੇ ਨਾਮ-ਬਾਣੀ ਦਾ ਅਖੰਡ ਪ੍ਰਵਾਹ ਚੱਲਦਾ ਦੇਖ ਕੇ ਫਿਰ ਵਾਪਸ ਨਾ ਗਏ ਤੇ ਉਥੇ ਹੀ ਗੁਰੂ ਜੀ ਤੇ ਸੰਗਤਾਂ ਦੀ ਸੇਵਾ ਕਰਨ ਲੱਗ ਪਏ। ਹਰ ਰੋਜ਼ ਸਵੇਰੇ ਉੱਠ ਕੇ ਦਰਿਆ ਬਿਆਸ ਵਿੱਚੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਆਪਣੇ ਹੱਥੀਂ ਬੜੀ ਸ਼ਰਧਾ-ਭਾਵ ਨਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਣਾ ਉਨ੍ਹਾਂ ਦਾ ਨਿੱਤ-ਕਰਮ ਸੀ। ਇਸ਼ਨਾਨ ਕਰਵਾਉਣ ਦੀ ਸੇਵਾ ਤੋਂ ਵਿਹਲੇ ਹੋ ਕੇ ਆਪ ਦਿਨ-ਰਾਤ ਲੰਗਰ ਦੀ ਸੇਵਾ ਵਿਚ ਲੱਗੇ ਰਹਿੰਦੇ। ਇਸ ਤਰ੍ਹਾਂ ਗੁਰੂ ਜੀ ਦੀ ਤੇ ਸੰਗਤ ਦੀ ਸੇਵਾ ਕਰਦਿਆਂ ਬਾਰ੍ਹਾਂ ਕੁ ਸਾਲ ਹੋ ਗਏ। ਜਨਵਰੀ ਸੰਨ ੧੫੫੨ ਵਿਚ ਸਰਦੀ ਪੂਰੇ ਜ਼ੋਰਾਂ 'ਤੇ ਸੀ। ਇਕ ਰਾਤ ਹਨੇਰੇ ਵਿਚ ਦਰਿਆ ਬਿਆਸ ਵਿੱਚੋਂ ਪਾਣੀ ਲੈ ਕੇ ਆਉਂਦੇ ਹੋਏ ਰਸਤੇ ਵਿਚ ਜੁਲਾਹਿਆਂ ਦੀ ਖੱਡੀ ਵਾਲੀ ਕਿੱਲੀ ਨਾਲ ਅੜ ਕੇ ਡਿੱਗ ਪਏ ਤੇ ਸੱਟ ਲੱਗਣ ਦੇ ਬਾਵਜੂਦ ਵੀ ਗਾਗਰ ਵਿੱਚੋਂ ਪਾਣੀ ਨਾ ਡੁੱਲ੍ਹਣ ਦਿੱਤਾ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਘਰ ਵਾਲੀ ਨੂੰ ਬਾਹਰ ਨਿਕਲ ਕੇ ਵੇਖਣ ਵਾਸਤੇ ਕਿਹਾ। ਜੁਲਾਹੀ ਸਰਦੀ ਵਿਚ ਬਾਹਰ ਨਿਕਲੀ ਤੇ ਦੇਖ ਕੇ ਉਸ ਨੇ ਖਰ੍ਹਵੀ ਆਵਾਜ਼ ਵਿਚ ਗੁੱਸਾ ਕੱਢਦਿਆਂ ਕਿਹਾ, "ਅਮਰੂ ਨਿਥਾਵਾਂ ਹੈਗਾ ਏ, ਜਿਸ ਨੂੰ ਨਾ ਦਿਨੇ ਚੈਨ ਤੇ ਨਾ ਰਾਤ ਨੂੰ ਆਰਾਮ। ਰੋਟੀ ਬਦਲੇ ਕੁੜਮਾਂ ਦੇ ਬੂਹੇ 'ਤੇ ਰੁਲਦਾ ਪਿਆ ਏ।"ਸ੍ਰੀ ਗੁਰੂ ਅਮਰਦਾਸ ਜੀ ਦੇ ਮੂੰਹੋਂ ਨਿਕਲਿਆ, "ਓ ਝੱਲੀਏ! ਅਮਰੂ ਨਿਥਾਵਾਂ ਕਿਵੇਂ ਹੋਇਆ? ਮੇਰੇ ਸਿਰ ਉੱਤੇ ਮੇਰਾ ਗੁਰੂ ਹੈ। ਗੁਰੂ ਵਾਲੇ ਨਿਥਾਵੇਂ ਨਹੀਂ ਹੁੰਦੇ। " ਸ੍ਰੀ (ਗੁਰੂ) ਅਮਰਦਾਸ ਜੀ ਨੂੰ ਆਪਣੇ ਗੁਰੂ (ਸ੍ਰੀ ਗੁਰੂ ਅੰਗਦ ਦੇਵ ਜੀ) 'ਤੇ ਬਹੁਤ ਮਾਣ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਛਾਤੀ ਨਾਲ ਲਾ ਲਿਆ ਤੇ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ, "ਅਮਰੂ ਨਿਥਾਵਾਂ ਨਹੀਂ, ਇਹ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦੇ ਆਸਰੇ ਹਨ। ਹੁਣ ਤੋਂ (ਗੁਰੂ) ਅਮਰਦਾਸ ਜੀ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹੋਏ। ਉਨ੍ਹਾਂ ਨੇ ਸੇਵਾ ਕਰ ਕੇ ਸਾਥੋਂ ਪ੍ਰਾਪਤ ਕਰ ਲਈ ਹੈ।" ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਆਪ ਗੁਰਗੱਦੀ ਉੱਤੇ ੩ ਵੈਸਾਖ ੧੬੦੯ ਬਿ., ਨਾਨਕਸ਼ਾਹੀ ਸੰਮਤ ੮੪ ਵਾਲੇ ਦਿਨ ਬੈਠੇ।ਗੋਇੰਦਵਾਲ ਵਸਾਉਣਾ : ਭਾਈ ਗੋਂਦਾ ਮੱਲ ਜੀ ਦੇ ਅਰਜ਼ ਕਰਨ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੋਇੰਦਵਾਲ ਜਾਣ ਦਾ ਹੁਕਮ ਦਿੱਤਾ। ਉਸ ਸਮੇਂ ਗੋਇੰਦਵਾਲ ਟਿੱਬਾ ਸੀ ਤੇ ਉਜਾੜ ਪਿਆ ਸੀ। ਸ੍ਰੀ ਗੁਰੂ ਅਮਰਦਾਸਜੀ ਭਾਈ ਗੋਂਦੇ ਨਾਲ ਉੱਥੇ ਗਏ ਤੇ ਨਾਮ-ਬਾਣੀ ਦੇ ਪ੍ਰਤਾਪ ਨਾਲ ਨਵਾਂ ਨਗਰ ਵਸਾ ਕੇ ਉਸ ਦਾ ਨਾਮ ਗੋਂਦਵਾਲ (ਗੋਇੰਦਵਾਲ) ਰੱਖ ਦਿੱਤਾ। ਥੋੜ੍ਹੇ ਚਿਰ ਵਿਚ ਹੀ ਗੋਇੰਦਵਾਲ ਘੁੱਗ ਵੱਸਣ ਲੱਗਾ ਤੇ ਉਥੋਂ ਦੀ ਰੌਣਕ ਵਧ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਖ਼ੁਦ ਖਡੂਰੋਂ ਚੱਲ ਕੇ ਉੱਥੇ ਅਸ਼ੀਰਵਾਦ ਦੇਣ ਲਈ ਆਏ।ਜਾਤ-ਪਾਤ ਨਾ ਮੰਨਣਾ: ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਏਪੂਰਨਿਆਂ 'ਤੇ ਚੱਲਦੇ ਹੋਏ ਜਾਤ-ਪਾਤ ਨਹੀਂ ਸਨ ਮੰਨਦੇ। ਆਪ ਕੁਰੂਕਸ਼ੇਤਰ ਨੂੰ ਜਾਣ ਸਮੇਂ ਪਿੰਡ ਡੱਲੇ (ਦੁਆਬ ਜਲੰਧਰ) ਵਿਚ ਠਹਿਰੇ ਹੋਏ ਸਨ। ਭਾਈ ਪ੍ਰਿਥੀ ਚੰਦ ਤੇ ਭਾਈ ਤੁਲਸਾ ਗੁਰੂ ਸਾਹਿਬ ਦੇ ਦਰਸ਼ਨ ਵਾਸਤੇ ਆਏ। ਉਨ੍ਹਾਂ ਕਿਹਾ—ਮਹਾਰਾਜ! ਆਪ ਵੀ ਭੱਲੇ ਖੱਤਰੀ ਤੇ ਅਸੀਂ ਵੀ ਭੱਲੇ ਖੱਤਰੀ ਹਾਂ। ਅਸੀਂ ਇਕ ਗੋਤ ਦੇ ਹਾਂ, ਸੋ ਸਾਨੂੰ ਤੁਹਾਡੇ ਉੱਤੇ ਮਾਣ ਹੈ ਤੇ ਤੁਹਾਡੇ 'ਤੇ ਸਾਡਾ ਵਧੇਰੇ ਹੱਕ ਹੈ। ਗੁਰੂ ਸਾਹਿਬ ਨੇ ਕਿਹਾ—ਸਾਡੀ ਤਾਂ ਕੋਈ ਜਾਤ-ਗੋਤ ਨਹੀਂ, ਅਸੀਂ ਕੇਵਲ ਇਨਸਾਨ ਹਾਂ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲੇ ਹਾਂ। ਕੋਲ ਹੀ ਇਕ ਪੰਡਿਤ ਸੀ ਜਿਸ ਨੇ ਕਿਹਾ— ਮਹਾਰਾਜ! ਫਿਰ ਵੀ ਜਨਮ ਕਰਕੇ ਕੋਈ ਜਾਤ ਤਾਂ ਹੁੰਦੀ ਹੈ ਤੇ ਉੱਚੀ ਜਾਤ ਵਾਲੇ ਨੂੰ ਉਸ 'ਤੇ ਮਾਣ ਵੀ ਹੋਣਾ ਹੋਇਆ। ਗੁਰੂ ਸਾਹਿਬ ਨੇ ਕਿਹਾ ਕਿ ਜਦ ਇੱਕ ਈਸ਼ਵਰ ਦੀ ਰਚਨਾ ਰਾਹੀਂ ਸਾਰੇ ਪ੍ਰਾਣੀ ਪੰਜਾਂ ਤੱਤਾਂ ਦੇ ਬਣੇ ਹਨ ਤਾਂ ਫਿਰ ਉਨ੍ਹਾਂ ਵਿੱਚੋਂ ਕੋਈ ਉੱਚਾ ਜਾਂ ਨੀਵਾਂ ਕਿਵੇਂ ਹੋਇਆ?ਬਾਉਲੀ ਸਾਹਿਬ ਦੀ ਰਚਨਾ: ਸ੍ਰੀ ਗੁਰੂ ਅਮਰਦਾਸ ਜੀ ਨੇ ਸੰਮਤ ੧੬੧੬ ਬਿ. ਵਿਚ ਬਾਉਲੀ ਸਾਹਿਬ ਦਾ ਪਾੜ ਪੁਟਾਉਣਾ ਸ਼ੁਰੂ ਕੀਤਾ ਤੇ ਲੱਗਭਗ ਛੇ ਸਾਲ ਇਹ ਕੰਮ ਚੱਲਦਾ ਰਿਹਾ। ਸੰਮਤ ੧੬੨੧ ਵਿਚ ਇਹ ਕੰਮ ਸਿਰੇ ਚੜ੍ਹਿਆ। ਬਾਉਲੀ ਬਣਨ ਸਾਰ ਹੀ ਇਸ ਅਸਥਾਨ ਦੀ ਰੌਣਕ ਹੋਰ ਵੀ ਵਧ ਗਈ।ਗੁਰਦੁਆਰਾ ਹਵੇਲੀ ਸਾਹਿਬ: ਇਸ ਅਸਥਾਨ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੀਰਿਹਾਇਸ਼ ਸੀ। ਗੁਰੂ ਸਾਹਿਬ ਇਸ ਸਥਾਨ 'ਤੇ ਰੋਜ਼ ਦੀਵਾਨ ਲਗਾਉਂਦੇ ਸਨ ਤੇ ਮਕਾਨ ਦੀ ਕੰਧ ਵਿਚ ਗੱਡੀ ਹੋਈ ਕਿੱਲੀ ਨੂੰ ਫੜ ਕੇ ਤਪੱਸਿਆ ਕਰਦੇ ਸਨ।ਸਤੀ ਦੀ ਰਸਮ ਦਾ ਵਿਰੋਧ: ਸਤੀ ਦੀ ਰਸਮ ਅਨੁਸਾਰ ਇਸਤਰੀ ਨੂੰ ਆਪਣੇ ਮਰਗਏ ਪਤੀ ਦੀ ਚਿਖਾ ਵਿਚ ਪੈ ਕੇ ਜਿਊਂਦੇ ਸੜਨਾ ਪੈਂਦਾ ਸੀ। ਗੁਰੂ ਜੀ ਨੇ ਡੱਟ ਕੇ ਇਸ ਦਾ ਵਿਰੋਧ ਕੀਤਾ।ਲੰਗਰ ਵਿਚ ਪੰਗਤ : ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਂਝੇ ਲੰਗਰ ਦੀਮਰਯਾਦਾ ਚਲਾਈ। ਸ੍ਰੀ ਗੁਰੂ ਅੰਗਦ ਦੇਵ ਜੀ ਵੀ ਗੁਰੂ ਕਾ ਲੰਗਰ ਉਨ੍ਹਾਂ ਲੀਹਾਂ ਉੱਤੇ ਚਲਾਉਂਦੇ ਰਹੇ। ਸ੍ਰੀ ਗੁਰੂ ਅਮਰਦਾਸ ਜੀ ਨੇ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣਾ ਹਰ ਇਕ ਵਾਸਤੇ ਲਾਜ਼ਮੀ ਕਰਾਰ ਦੇ ਦਿੱਤਾ। ਉੱਚੀ ਜਾਤੀ ਦੇ ਅਭਿਮਾਨੀ ਕੀਰਤਨ ਸੁਣਦੇ, ਗੁਰੂ ਜੀ ਦੇ ਵਿਚਾਰ ਸੁਣਦੇ ਪਰ ਜਦੋਂ ਲੰਗਰ ਛਕਣ ਦਾ ਸਮਾਂ ਆਉਂਦਾ, ਉੱਠ ਕੇ ਚਲੇ ਜਾਂਦੇ। ਗੁਰਦੇਵ ਨੇ ਇਹ ਵੇਖ ਕੇ ਹੁਕਮ ਦਿੱਤਾ ਕਿ ਸਾਡਾ ਦਰਸ਼ਨ ਉਹੀ ਕਰ ਸਕੇਗਾ, ਜਿਹੜਾ ਪਹਿਲੇ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕੇਗਾ। ਸੰਨ ੧੫੬੫ ਈ. ਵਿਚ ਬਾਦਸ਼ਾਹ ਅਕਬਰ ਗੋਇੰਦਵਾਲ ਸਾਹਿਬ ਆਇਆ ਤਾਂ ਉਸ ਨੇ ਵੀ ਪੰਗਤ ਵਿਚ ਬੈਠ ਕੇ ਬਾਕੀਆਂ ਵਾਂਗ ਲੰਗਰ ਛਕਿਆ। ਬਾਦਸ਼ਾਹ ਅਕਬਰ ਇਹ ਦੇਖ ਕੇ ਬਹੁਤ ਪ੍ਰਸੰਨ ਹੋਇਆ ਕਿ ਗੁਰੂ ਕੇ ਲੰਗਰ ਵਿਚ ਬਾਦਸ਼ਾਹ ਜਾਂ ਫ਼ਕੀਰ ਤੇ ਊਚ-ਨੀਚ ਵਾਸਤੇ ਕੋਈ ਵਿਤਕਰਾ ਨਹੀਂ। ਲੰਗਰ ਛਕਣ ਪਿੱਛੋਂ ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨ ਕਰਨ ਗਿਆ। ਬਾਦਸ਼ਾਹ ਅਕਬਰ ਨੇ ਗੁਰੂ ਜੀ ਦੇ ਕਹਿਣ 'ਤੇ ਜਜ਼ੀਆ ਮਾਫ਼ ਕਰ ਦਿੱਤਾ ਤੇ ਕਿਸੇ ਨੂੰ ਵੀ ਸਤੀ ਕਰਨਾ ਕਾਨੂੰਨ ਵਿਰੁੱਧ ਕਰਾਰ ਦਿੱਤਾ।ਗੁਰਸਿੱਖੀ ਦਾ ਪ੍ਰਚਾਰ : ਗੁਰਸਿੱਖੀ ਦੇ ਪ੍ਰਚਾਰ ਦਾ ਪੱਕਾ ਪ੍ਰਬੰਧ ਕਰਨ ਲਈ ਆਪ ਜੀ ਨੇ ਸਾਰੇ ਇਲਾਕੇ ਨੂੰ ੨੨ ਹਿੱਸਿਆਂ ਵਿਚ ਵੰਡਿਆ। ਹਰੇਕ ਹਿੱਸੇ ਲਈ ਇਕ ਮੁਖੀ ਸਿੱਖ ਪ੍ਰਚਾਰਕ ਥਾਪਿਆ ਗਿਆ। ਇਸ ਤੋਂ ਇਲਾਵਾ ਆਪ ਜੀ ਨੇ ਪ੍ਰਚਾਰ ਦੇ ੫੨ ਉੱਪ-ਕੇਂਦਰ ਵੀ ਬਣਾਏ, ਜਿਨ੍ਹਾਂ ਨੂੰ ਪੀਹੜੇ ਕਿਹਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸਭ ਜਾਤਾਂ-ਬਰਾਦਰੀਆਂ ਦੇ ਲੋਕ ਧੜਾ-ਧੜ ਸਿੱਖ ਬਣ ਗਏ। ਆਪ ਜੀ ਨੇ ਬੀਬੀਆਂ ਨੂੰ ਵੀ ਪ੍ਰਚਾਰ ਦੀ ਸੇਵਾ ਵਿਚ ਲਾ ਦਿੱਤਾ ਤੇ ਸਿੱਖ ਬੀਬੀਆਂ ਲਈ ਘੁੰਡ ਕੱਢ ਕੇ ਸੰਗਤ ਵਿਚ ਆਉਣ ਦੀ ਮਨਾਹੀ ਕਰ ਦਿੱਤੀ।ਆਪ ਜੀ ਨੇ ਆਪਣੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਨਾਮ ਦੇ ਸਾਧਾਰਨ ਸਿੱਖ ਨਾਲ ਕੀਤਾ ਅਤੇ ਬੀਬੀ ਭਾਨੀ ਜੀ ਦਾ ਵਿਆਹ ਸ੍ਰੀ ਜੇਠਾ ਜੀ ਨਾਲ ਕੀਤਾ। ਸ੍ਰੀ ਜੇਠਾ ਜੀ ਨੇ ਵੀ ਬਹੁਤ ਸੇਵਾ ਕੀਤੀ ਤੇ ਹਰ ਪ੍ਰੀਖਿਆ ਵਿਚ ਪੂਰੇ ਉਤਰੇ ਤੇ ਗੁਰਿਆਈ ਲਈ ਯੋਗ ਸਾਬਤ ਹੋਏ। ਆਪ ਜੀ ਨੇ ਸੰਨ ੧੫੭੦ ਵਿਚ ਅੰਮ੍ਰਿਤਸਰ ਵਸਾਉਣ ਦਾ ਹੁਕਮ ਸ੍ਰੀ (ਗੁਰੂ) ਰਾਮਦਾਸ ਜੀ (ਸ੍ਰੀ ਜੇਠਾ ਜੀ) ਨੂੰ ਦਿੱਤਾ।ਪਹਿਲੀ ਸਤੰਬਰ ਸੰਨ ੧੫੭੪ ਨੂੰ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ (ਭਾਈ ਜੇਠਾ ਜੀ) ਨੂੰ ਗੱਦੀ ਸੌਂਪ ਕੇ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ।ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਦੀ ਰਚਨਾ ਵੀ ਕੀਤੀ। ਆਪ ਜੀ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਆਤਮਿਕ ਆਨੰਦ ਪੈਦਾ ਹੁੰਦਾ ਹੈ ਉਸ ਦੀ ਭਟਕਣਾ ਦੂਰ ਹੋ ਜਾਂਦੀ ਹੈ। ਉਸ ਦੇ ਸਾਰੇ ਚਿੰਤਾ-ਝੋਰੇ ਮਿਟ ਜਾਂਦੇ ਹਨ। ਕੋਈ ਦੁੱਖ-ਵਿਕਾਰ, ਕੋਈ ਕਲੇਸ਼ ਉਸ ਉੱਤੇ ਜ਼ੋਰ ਨਹੀਂ ਪਾ ਸਕਦਾ। ਅਨੰਦ ਦੀ ਇਹ ਅਵਸਥਾ ਸਤਿਗੁਰੂ ਦੀ ਬਾਣੀ ਤੋਂ ਪ੍ਰਾਪਤ ਹੁੰਦੀ ਹੈ। ਇਸ ਬਾਣੀ ਨੂੰ ਗਾਉਣ ਵਾਲਿਆਂ ਤੇ ਸੁਣਨ ਵਾਲਿਆਂ ਦੇ ਜੀਵਨ ਉੱਚੇ ਹੋ ਜਾਂਦੇ ਹਨ। ਇਸ ਬਾਣੀ ਵਿਚ ਉਨ੍ਹਾਂ ਨੂੰ ਸਤਿਗੁਰੂ ਪ੍ਰਤੱਖ ਦਿੱਸਦਾ ਹੈ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ।।
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ।।
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।।
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ।। (ਅੰਗ ੯੨੨)
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ।।

ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਅਨੁਸਾਰ ਗੁਰੂ ਦੀ ਸਿੱਖਿਆ ਮੰਨਣ ਵਾਲਾ ਮਨੁੱਖ ਹੀ ਗੁਰੂ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੁੰਦਾ ਹੈ। ਗੁਰੂ ਦੀ ਸੇਵਾ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਤੀਰਥ-ਇਸ਼ਨਾਨ ਮਨੁੱਖ ਨੂੰ ਸ਼ਾਂਤੀ ਤੇ ਖੁਸ਼ੀ ਨਹੀਂ ਦੇ ਸਕਦੇ। ਸੇਵਾ ਕਰਨ ਸਮੇਂ ਹੰਕਾਰ ਨੂੰ ਦਿਲੋਂ ਕੱਢ ਦੇਣਾ ਚਾਹੀਦਾ ਹੈ। ਜਾਤ-ਪਾਤ ਦੀ ਸਿੱਖ ਧਰਮ ਵਿਚ ਮਨਾਹੀ ਹੈ ਤੇ ਸਿੱਖ ਬੀਬੀਆਂ ਲਈ ਘੁੰਡ ਕੱਢ ਕੇ ਸੰਗਤ ਵਿਚ ਆਉਣਾ ਮਨਮੰਤ ਹੈ। ਗੁਰੂ ਦੇ ਉਪਦੇਸ਼ਾਂ ਅਨੁਸਾਰ ਜੀਅ ਕੇ ਗੁਰੂ ਦੀਆਂ ਖੁਸ਼ੀਆਂ ਤੇ ਗੁਰੂ ਦੀ ਬਾਣੀ ਰਾਹੀਂ ਹੀ ਅਨੰਦ ਦੀ ਅਵਸਥਾ ਪ੍ਰਾਪਤ ਕਰ ਸਕਦੇ ਹਾਂ ਤੇ ਜੀਵਨ ਉੱਚਾ ਹੁੰਦਾ ਹੈ।ਅੰਤ ਵਿਚ ਆਪਣੇ ਵੱਲੋਂ ਕੁਝ ਕਹਿਣ ਦੀ ਬਜਾਏ ਸ੍ਰੀ ਗੁਰੂ ਅਮਰਦਾਸ ਜੀ ਦੇ ਸ਼ਬਦ ਰਾਹੀਂ ਬੇਨਤੀ ਕਰੀਏ ਕਿ (ਹੇ ਪਰਮਾਤਮਾ!) ਅਸੀਂ ਜੀਵ ਬਹੁਤ ਭੁੱਲਾਂ ਕਰਦੇ ਰਹਿੰਦੇ ਹਾਂ। ਸਾਡੀਆਂ ਭੁੱਲਾਂ ਦਾ ਅੰਤ ਨਹੀਂ ਪੈ ਸਕਦਾ। ਅਸੀਂ ਪਾਪੀ ਹਾਂ, ਗੁਨਹਗਾਰਹਾਂ: ਵਾਹਿਗੁਰੂ! ਆਪ ਜੀ ਮਿਹਰ ਕਰ ਕੇ ਸਾਨੂੰ ਬਖਸ਼ ਲਵੋ:ਅਸੀ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਾਵਾਰੁ।। ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ।।

**ਗੁਰਦੀਪ ਸਿੰਘ (ਲੁਧਿਆਣਾ)**

# ਵਿਦਿਆਵਾਨ ਲਈ ਨਿਮਰਤਾ ਦਾ ਮੁੱਲ



ਵਿਦਯਾ ਧਨ ਕੋ ਪਾਇ ਕਰ, ਨਿਮਿਤ ਪੁਰਖ ਉਦਾਰ।ਕੀਰਤ ਯਾ ਜਗ ਮੈਂ ਘਨੀ, ਬਹੁਰੋ ਸੁਖ ਅਪਾਰ।(ਭਾਵਰਸਾਂਮ੍ਰਿਤ) ਕਈ ਵਾਰ ਸਮਾਜ ਵਿਚ ਕੁਝ ਇਨਸਾਨ ਗਿਆਨ ਪ੍ਰਾਪਤ ਕਰ ਕੇ ਹਉਮੈ ਗ੍ਰਸਤ ਹੋ ਜਾਂਦੇ ਹਨ। ਇਹ ਵੀ ਸੱਚ ਹੈ ਕਿ ਮਿੱਠੇ ਬੋਲ, ਨਿਮਰਤਾ ਤੇ ਹਲੀਮੀ ਚੰਗੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਹਨ। ਇਸ ਨਾਲ ਸਮਾਜਿਕ ਸਾਂਝ ਵਧਦੀ ਹੈ ਤੇ ਸੰਸਾਰ ਵਿਚ ਸਤਿਕਾਰ ਵਧੇਰੇ ਹੁੰਦਾ ਹੈ। ਪੰਜਾਬੀ ਦਾ ਅਖਾਣ 'ਹੰਕਾਰਿਆ ਸੋ ਮਾਰਿਆ' ਅਤੇ ਲੋਕ-ਟੱਪਾ 'ਫਲ ਨੀਵਿਆਂ ਰੁੱਖਾਂ ਨੂੰ ਮਿੱਠੇ ਲੱਗਦੇ, ਸਿੰਬਲਾ ਤੂੰ ਮਾਣ ਨਾ ਕਰੀਂ' ਆਦਿ ਹਉਮੈ ਗ੍ਰਸਤ ਮਾਨਸਿਕਤਾ ਨੂੰ ਦੱਸ ਕੇ ਨਿਮਰਤਾ ਧਾਰਨ ਕਰਨ ਲਈ ਜਾਂ ਪ੍ਰੇਰਨ ਦੇ ਲਈ ਹੀ ਹਨ। ਪੁਰਾਤਨ ਸਮੇਂ ਤੋਂ ਸੰਪੂਰਨ ਸ਼ਖਸੀਅਤ ਦੇ ਗੁਣਾਂ ਦੀ ਗੱਲ ਕਰਦਿਆਂ ਸੋਲਾਂ ਪ੍ਰਕਾਰ ਦੀਆਂ ਕਲਾਵਾਂ ਮੰਨੀਆਂ ਗਈਆਂ ਹਨ, ਜਿਨ੍ਹਾਂ ਵਿਚ ਵਿੱਦਿਆ ਵੀ ਇਕ ਕਲਾ ਹੈ ਭਾਵੇਂ ਵਿੱਦਿਆ ਅੱਗੇ ਬਹੁ-ਪਰਤੀ ਤੇ ਬਹੁ-ਪ੍ਰਕਾਰੀ ਹੈ। ਕਈ ਵਾਰ ਥੋੜੀ ਵਿੱਦਿਆ ਪਾ ਕੇ ਮਨੁੱਖ ਭੁਲੇਖਾ ਖਾ ਜਾਂਦਾ ਹੈ ਕਿ ਉਸ ਨੇ ਬਹੁਤ ਪੜ੍ਹ-ਲਿਖ ਲਿਆ ਹੈ। ਪਰ ਜਦ ਕੋਈ ਬਹੁਤ ਪੜ੍ਹ ਜਾਂਦਾ ਹੈ ਤਾਂ ਕਿਸੇ-ਕਿਸੇ ਨੂੰ ਸਮਝ ਪੈਂਦੀ ਹੈ ਕਿ ਮੇਰੇ ਪਾਸ ਬਹੁਤ ਥੋੜ੍ਹੀ ਜਾਣਕਾਰੀ ਹੈ। ਇਸੇ ਲਈ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ 'ਉਮਰ ਭਰ ਜਾਨ ਕਰ ਜਾਨਾ ਤੋ ਯਹ ਜਾਨਾ ਕਿ ਨ ਜਾਨਾ ਕੁਛ ਭੀ। ਇਸੇ ਭਾਵਨਾ ਨੂੰ ਪ੍ਰਗਟ ਕਰਦੇ ਹੋਏ ਪ੍ਰਸਿੱਧ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਆਪਣੀ ਸ੍ਵੈ-ਜੀਵਨੀ ਵਿਚ ਲਿਖਦੇ ਹਨ ਕਿ ਜਦ ਮੈਂ ਬਹੁਤ ਥੋੜ੍ਹਾ ਜਾਣਦਾ ਸਾਂ, ਤਾਂ ਮੈਂ ਸਮਝਦਾ ਸਾਂ ਕਿ ਮੈਂ ਬਹੁਤ ਵਿਦਵਾਨ ਹਾਂ। ਪਰ ਹੁਣ ਬਹੁਤ ਕੁਛ ਜਾਣਨ ਤੋਂ ਬਾਅਦ ਮੈਨੂੰ ਗਿਆਨ ਹੋਇਆ ਹੈ ਕਿ ਮੈਂ ਬਹੁਤ ਥੋੜ੍ਹਾ ਜਾਣਦਾ ਹਾਂ ਤੋਂ ਐਸਾ ਭੁਲੇਖਾ ਹੀ ਮਨੁੱਖ ਦੀ ਸਭ ਤੋਂ ਵੱਡੀ ਅਗਿਆਨਤਾ ਹੈ। ' ਇਸ ਤਰ੍ਹਾਂ ਦੇ ਬੋਲ ਆਮ ਮਨੁੱਖਾਂ ਲਈ ਗਹਿਰੀ ਖੋਜ ਕਰਨ ਵਾਸਤੇ ਪ੍ਰੇਰਨਾ-ਸ੍ਰੋਤ ਬਣਦੇ ਹਨ। ਮਨੁੱਖ ਆਪਣੇ ਧਰਾਤਲ 'ਤੇ ਭਾਈਚਾਰਕ ਜ਼ਿੰਮੇਵਾਰੀ ਨਿਭਾਉਂਦਾ ਹੋਇਆ ਪਿਆਰ ਸਹਿਤ ਹੀ ਰਹੇ ਤਾਂ ਮਾਣ-ਸਤਿਕਾਰ ਉੱਚਾ ਰਹਿੰਦਾ ਹੈ। ਸਾਹਿਤਕ ਖੇਤਰ ਤੋਂ ਲੈ ਕੇ, ਧਾਰਮਿਕ, ਸਮਾਜਿਕ, ਰਾਜਨੀਤਿਕ ਖੇਤਰ ਵਿਚ ਉਹੀ ਲੋਕ ਸਰਬ-ਪ੍ਰਵਾਨਤ ਹੋਏ ਜਾਂ ਉਨ੍ਹਾਂ ਨੇ ਹੀ ਮਾਣ ਪ੍ਰਾਪਤ ਕੀਤਾ ਜੋ ਨਿਮਰਤਾ ਤੇ ਹਲੀਮੀ ਵਿਚ ਲੋਕਾਂ ਦੇ ਬਣ ਕੇ ਰਹੇ। ਉਹੀ ਲੋਕ-ਮਨਾਂ ਵਿਚ ਵੱਸ ਗਏ। ਸਾਡਾ ਸਮਾਜ ਤਾਂ ਏਨਾ ਵਿਸ਼ਾਲ ਮਨ ਵਾਲਾ ਹੈ ਕਿ ਜਿਨ੍ਹਾਂ ਧਾੜਵੀ ਕਿਸਮ ਦੇ ਮਨੁੱਖਾਂ ਨੇ ਵੀ ਗਰੀਬਾਂ ਵਿਚ ਦਾਨ ਕੀਤਾ ਤੇ ਆਮ ਲੋਕਾਈ ਦਾ ਦੁੱਖ ਸੁਣਿਆ, ਉਹ ਲੋਕ-ਨਾਇਕ ਬਣ ਗਏ ਅਤੇ ਉਨ੍ਹਾਂ ਦੀਆਂ ਵਾਰਾਂ ਤੇ ਕਿੱਸੇ ਪ੍ਰਚੱਲਤ ਹੋ ਗਏ। ਇਸ ਪਿਆਰ ਨੂੰ ਲੋਕ-ਪ੍ਰਵਾਨਗੀ ਕਿਹਾ ਜਾਂਦਾ ਹੈ।ਉਪਰੋਕਤ ਦੋਹਰਾ 'ਭਾਵਰਸਾਂਮ੍ਰਿਤ' ਗ੍ਰੰਥ ਵਿਚ ਕਵੀ ਗ਼ੁਲਾਬ ਸਿੰਘ ਦੀ ਰਚਨਾ ਹੈ | ਭਾਵ ਅਰਥ ਇਹੋ ਹੈ ਕਿ ਵਿੱਦਿਆ ਰੂਪੀ ਧਨ ਨੂੰ ਪਾ ਕੇ ਜੇਕਰ ਮਨੁੱਖ ਨਿਮਹਵਾਨ ਰਹਿੰਦਾ ਹੈ ਤਾਂ ਉਸ ਦੀ ਕੀਰਤੀ ਜਾਂ ਸਿਫ਼ਤ ਸੰਸਾਰ ਵਿਚ ਬਹੁਤ ਹੁੰਦੀ ਹੈ ਅਤੇ ਉਸ ਨੂੰ ਬਹੁਤ ਸੁਖ ਪ੍ਰਾਪਤ ਹੁੰਦਾ ਹੈ।

**ਡਾ. ਇੰਦਰਜੀਤ ਸਿੰਘ ਗੋਗੋਆਣੀ**



# ਗਹੋ ਨੰਮ੍ਰਤਾ ਤਯਾਗਹੁ ਮਤਸ਼ਰ

ਮਨੁੱਖ ਔਗੁਣਾਂ ਨਾਲ ਭਰਿਆ ਪਿਆ ਹੈ। ਅੰਮ੍ਰਿਤ ਛੱਡ ਕੇ ਵਿਕਾਰਾਂ ਦੀ ਬਿਖ ਖਾਂਦਾ ਰਹਿੰਦਾ ਹੈ। ਮਾਇਆ ਦੇ ਮੋਹ ਕਰਕੇ ਧੀਆਂ-ਪੁੱਤਰਾਂ ਤੇ ਪਤਨੀ ਨਾਲ ਪ੍ਰੀਤ ਲਾਈ ਰੱਖਦਾ ਹੈ ਤੇ ਭਰਮ ਵਿਚ ਭੁੱਲਾ ਹੋਇਆ ਹੈ ਪਰ ਜੋ ਸਤਿਗੁਰ ਦੀ ਸ਼ਰਨ ਆ ਜਾਂਦੇ ਹਨ ਉਨ੍ਹਾਂ ਦੀ ਲਾਜ-ਪਤ ਸਤਿਗੁਰ ਜੀ ਆਪ ਰੱਖਦੇ ਹਨ। ਇਸੇ ਲਈ ਭੱਟ ਕੀਰਤ ਜੀ ਸਤਿਗੁਰੂ ਰਾਮਦਾਸ ਜੀ ਅੱਗੇ ਅਰਦਾਸ ਕਰਦੇ ਹਨ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥

ਸ਼ਰਨ ਆਏ ਦੀ ਲਾਜ ਰੱਖਣ ਵਾਲੇ ਸਤਿਗੁਰ ਰਾਮਦਾਸ ਜੀ ਦਾ ਦਰਬਾਰ ਲੱਗਾ ਹੋਇਆ ਸੀ ਤੇ ਸਤਿਗੁਰ ਜੀ ਪ੍ਰਾਣੀਆਂ ਦਾ ਉਧਾਰ ਕਰ ਰਹੇ ਸਨ। ਇਸ ਸਮੇਂ ਭਾਈ ਧਰਮ ਦਾਸ ਖੋਟੜ, ਭਾਈ ਡੂਗਰ ਦਾਸ ਤਕਿਆਰ, ਭਾਈ ਜੇਠਾ, ਭਾਈ ਤੀਰਥਾ ਭਾਈ ਸੰਸਾਰੂ, ਭਾਈ ਦੀਪਾ ਅਤੇ ਭਾਈ ਬੂਲਾ ਸਭ ਗੁਰੂ-ਦਰਬਾਰ ਆਏ। ਤਿਨ੍ਹਾਂ ਨੇ ਹੱਥ ਜੋੜ ਅਰਦਾਸ ਕੀਤੀ, 'ਹੇ ਸਤਿਗੁਰ ਪਾਤਸ਼ਾਹ ਜੀ! ਆਪ ਦੀ ਸ਼ਰਨ ਆਏ ਹਾਂ ਸਾਡਾ ਵੀ ਉਧਾਰ ਕਰੋ। ਇਹ ਸੁਣ ਕੇ ਉਮਾਹ ਵਿਚ ਆਏ ਧੰਨ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਉਚਾਰਨ ਕੀਤਾ, 'ਹੇ ਭਾਈ! ਪਹਿਲਾਂ ਮਨ ਦੇ ਹੰਕਾਰ ਦਾ ਤਿਆਗ ਕਰੋ। ਨਿਮਰਤਾ ਵਿਚ ਰਹੋ ਈਰਪਾ ਕਰਨੀ ਛੱਡ ਦਿਉ। ਕਿਸੇ ਦੀ ਨਿੰਦਿਆ ਨਹੀਂ ਕਰਨੀ ਤੇ ਔਗੁਣਾਂ ਤੋਂ ਦੂਰ ਰਹਿਣਾ ਹੈ। ਘਰ ਆਏ ਸਿੱਖ ਦੀ ਸੇਵਾ ਕਰਨੀ ਹੈ। ਪ੍ਰੇਮ ਨਾਲ ਭੋਜਨ ਤੇ ਬਸਤਰ ਦੇਵਣੇ ਹਨ। ਸਿੱਖ ਦੇ ਬਚਨਾਂ ਨੂੰ ਮੰਨਣਾ ਹੈ, ਕਦੇ ਵੀ ਮੋੜਨਾ ਨਹੀਂ, ਜੇ ਕਿਸੇ ਸਿੱਖ ਦਾ ਵੱਡਾ ਕਾਰਜ ਹੋਵੇ ਜੋ ਧਨ ਤੋਂ ਬਿਨਾਂ ਪੂਰਾ ਨਾ ਹੋ ਸਕਦਾ ਹੋਵੇ ਤਾਂ ਸਾਰਿਆਂ ਸਿੱਖਾਂ ਨੇ ਰਲ ਕੇ ਅਰਦਾਸ ਕਰਨੀ ਹੈ। ਸਾਰਿਆਂ ਕੋਲੋਂ ਇਕ ਥਾਂ ਧਨ ਇਕੱਠਾ ਕਰ ਕੇ ਉਸ ਸਿੱਖ ਦੇ ਕਾਰਜ ਸਵਾਰ ਦੇਣੇ ਹਨ। ਤਦ ਤੁਹਾਨੂੰ ਸੁਖ ਪ੍ਰਾਪਤ ਹੋਵੇਗਾ। ਗੁਰ ਪ੍ਰਤਾਪਸੂਰਜ ਗ੍ਰੰਥ' ਵਿਚ ਇਸ ਬਾਰੇ ਐਸਾ ਹੀ ਉਲੇਖ ਹੈ:

ਰਾਮਦਾਸ ਸਤਿਗੁਰੂ ਉਚਾਰਾ।
'ਪ੍ਰਥਮ ਤਜਹੁ ਮਨ ਕੇ ਹੰਕਾਰਾ॥੨੦॥
ਗਹੋ ਨਮ੍ਰਤਾ, ਤਯਾਗਹੁ ਮਤਸਰ।
ਕਰਹੁ ਨ ਨਿੰਦਾ, ਅਵਗੁਨ ਪਰਹਰਿ।
ਜੇ ਘਰ ਆਯੋ ਸਿੱਖ ਨਿਹਰਿਯਹਿ।
ਨਿਜ ਨਿਜ ਘਰ ਤੇ ਸੇਵਾ ਕਰਿਯਹਿ॥੨੧॥
ਭੋਜਨ ਬਸਤ੍ਰ ਭਾਉ ਧਰਿ ਦੀਜਹਿ ਮਾਨਹੁ ਬਾਕ ਨ ਫੇਰਨ ਕੀਜਹਿ।
ਜੇ ਸਿਖ ਕੋ ਹਇ ਕਾਜ ਬਡੇਰਾ। ਬਿਨ ਧਨ ਸਰਹਿ ਨ ਜੋ ਅਸ ਹੇਰਾ॥੨੨॥
ਸਭਿ ਮਿਲ ਕਰਿ ਉਚਰਹੁ ਅਰਦਾਸ।
ਸਭਿ ਤੇ ਇਕ ਥਲ ਕਰ ਨਿਜ ਪਾਸਿ।
ਸਿਖ ਕੋ ਕਾਰਜ ਦੀਜਹਿ ਸਾਰ।
ਤਬ ਪ੍ਰਾਪਤਿ ਤੁਮ ਕੋ ਸੁਖ ਸਾਰ॥੨੩॥(ਰਾਸਿ ਦੂਜੀ, ਅਧਿ: ੧੮)

ਸਾਰੇ ਮਨ ਲਾ ਕੇ ਪਾਤਸ਼ਾਹ ਜੀ ਦੇ ਬਚਨਾਂ ਨੂੰ ਸੁਣ ਰਹੇ ਸਨ। ਸਤਿਗੁਰਾਂ ਨੇ ਹੋਰ ਅੱਗੇ ਬਚਨ ਕਰਦਿਆਂ ਕਿਹਾ, 'ਹੇ ਭਾਈ! ਜਿੱਥੇ ਸਮੂਹ ਸਤਿਸੰਗਤ ਜੁੜੀ ਹੋਵੇ, ਕਥਾ-ਕੀਰਤਨ ਕਰਦੇ ਹੋਣ ਤਾਂ ਉੱਥੇ ਸਵੇਰੇ ਸ਼ਾਮੀਂ ਜਾ ਕੇ ਆਪਣੀ ਮੌਤ ਨੂੰ ਪ੍ਰੇਮ ਸਹਿਤ ਉਸ ਰੰਗ ਵਿਚ ਰੰਗ ਲੈਣਾ ਹੈ। ਜਿਸ ਸਿੱਖ ਵਿਚ ਯੋਗ ਸਮਰੱਥਾ ਹੋ ਜਾਵੇ ਉਹ ਆਪ ਧਰਮਸ਼ਾਲ (ਗੁਰਦੁਆਰਾ) ਤਿਆਰ ਕਰਵਾਏ, ਉਸ ਵਿਚ ਸਿੱਖਾਂ ਨੂੰ ਟਿਕਾਵੇ ਤੇ ਉੱਥੇ ਰਾਹੀਆਂ ਨੂੰ ਭੋਜਨ ਵੀ ਛਕਾਏ। ਇਕ ਸਿੱਖ ਜਾਂ ਸਾਰੇ ਸੇਵਾ ਮਿਲ ਕੇ ਦੇਣ। ਨਿਰੰਕਾਰ ਦਾ ਸਿਮਰਨ ਕਰਦੇ ਹੋਏ ਭਲੇ ਪੁਰਸ਼ਾਂ ਦੀ ਸੇਵਾ ਕਰਨੀ ਹੈ। ਇਸ ਸੇਵਾ ਦਾ ਇੰਨਾ ਮਹਾਤਮ ਹੈ ਕਿ ਇਸ ਦੇ ਤੁਲ ਹੋਰ ਕੋਈ ਵੀ ਪੁੰਨ ਪਦਾਰਥ ਨਹੀਂ ਮਿਲਦਾ। ਐਸੀ ਸੇਵਾ ਕਰਨ ਵਾਲਾ ਮਨੁੱਖ ਸੰਸਾਰ ਵਿਚ ਬਹੁਤ ਸੁਖ ਪ੍ਰਾਪਤ ਕਰਦਾ ਹੈ ਅਤੇ ਅੰਤ ਸਮੇਂ ਉਸ ਨੂੰ ਗੁਰੂ ਕੋਲ ਨਿਵਾਸ ਮਿਲਦਾ ਹੈ। ਹੇ ਸਿੱਖੋ! ਪਹਿਰ ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰ ਕੇ ਪ੍ਰੇਮ-ਸਹਿਤ ਅੰਮ੍ਰਿਤ-ਵੇਲੇ ਬਾਣੀ ਪੜ੍ਹਨੀ ਹੈ। ਦੁਪਹਿਰ ਸਮੇਂ ਚਰਨ-ਕਮਲ ਪੜਨੀ ਤੇ ਸੁਣਨੀ ਹੈ। ਸ਼ਾਮ ਵੇਲੇ ਸੂਰਜ ਡੁੱਬੇ ਰਹਰਾਸਿ ਪੜ੍ਹਨੀ ਹੈ, ਉਪਰੰਤ ਕਥਾ ਕੀਰਤਨ ਸੁਣ ਕੇ ਅਤੇ ਸੋਹਿਲਾ ਪੜ੍ਹ ਕੇ ਸੋਣਾ ਹੈ। ਹੋਰ ਕਿਰਤ ਕਾਰ ਜੋ ਕਰਨੀ ਤਾਂ ਸੱਚ ਬੋਲਣਾ ਤੇ ਸੱਚ ਕਮਾਵਣਾ ਹੈ। ਮੈਂ ਤੁਹਾਡਾ ਸਦਾ ਸੰਗੀ ਹੋਵਾਂਗਾ':

ਜਹਿ ਸਤਿਸੰਗਤ ਕੋ ਸਮੁਦਾਇ।
ਕਥਾ ਕੀਰਤਨ ਕਰਹਿ ਬਨਾਇ।
ਤਹਾਂ ਜਾਇ ਸੰਧਯਾ ਅਰੁ ਪ੍ਰਾਤੀ।
ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ॥੨੪॥
ਜਿਸ ਮਹਿ ਯਥਾ ਸ਼ਕਤਿ ਹੁਇ ਆਵਹਿ।
ਧਰਮਸਾਲ ਆਪ ਬਨਵਾਵਹਿ।
ਤਿਸ ਮੈਂ ਰਾਖਹਿ ਸਿੱਖ ਟਿਕਾਇ।
ਪੰਥੀ ਕੋ ਭੋਜਨ ਮਿਲ ਜਾਇ॥੨੫॥
ਇਕ ਸਿਖ ਦੇਹਿ, ਕਿ ਸਭਿ ਮਿਲ ਦੇਵੋਂ।
ਸਿਮਰਹਿ ਨਾਮ ਸੁ ਜਨ ਕੋ ਸੇਵੈਂ।
ਕਹਾਂ ਮਹਾਤਮ ਇਸ ਕੋ ਕਹਿਯਹਿ।
ਪੁੰਨ ਪਦਾਰਥ ਸਮ ਨਹਿ ਲਹਿਯਹਿ॥੨੬॥
ਇਸ ਜਗ ਮਹਿ ਸੁਖ ਪਾਇ ਘਨੇਰਾ।
ਅੰਤ ਗੁਰੂ ਢਿਗ ਲਹੈ ਬਸੇਰਾ।
ਪਾਛਲ ਰਾਤਿ ਕਰਹੁ ਇਸ਼ਨਾਨ।
ਗੁਰ ਬਾਨੀ ਪੜੀਅਹਿ ਹਿਤ ਠਾਨ॥੨੭॥

ਸਤਿਗੁਰਾਂ ਦੇ ਉਪਦੇਸ਼ ਸਰਵਣ ਕਰ ਕੇ ਉਹ ਧੰਨ ਹੋ ਗਏ। 'ਧੰਨ ਗੁਰੂ ਰਾਮਦਾਸ ! ਧੰਨ ਗੁਰੂ ਰਾਮਦਾਸ ਜੀ' ਕਹਿੰਦੇ ਸਾਰੇ ਸਤਿਗੁਰ ਦੇ ਬਚਨਾਂ ਅਨੁਸਾਰ ਕਮਾਈ ਕਰਨ ਲੱਗ ਪਏ ਤੇ ਵੱਡੇ ਭਾਗਾਂ ਵਾਲੇ ਉਹ ਸਾਰੇ ਗੁਰੂ-ਪ੍ਰੇਮ ਵਿਚ ਮਗਨ ਹੋ ਗਏ। ਉਨ੍ਹਾਂ ਸਤਿਗੁਰ ਜੀ ਦੀ ਕਿਰਪਾ ਨਾਲ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰ ਲਿਆ। ਭਾਈ ਗੁਰਦਾਸ ਜੀ ਨੇ ਭਾਈ ਬਰਮ ਦਾਸ, ਭਾਈ ਡੂੰਗਰ ਦਾਸ, ਭਾਈ ਜੇਠਾ, ਭਾਈ ਤੀਰਥਾ, ਭਾਈ ਸੰਸਾਰੂ, ਭਾਈ ਬੂਲਾ ਅਤੇ ਭਾਈ ਦੀਪਾ ਜੀ ਨੂੰ ਸਚਿਆਰ ਪੁਰਸ਼ ਕਹਿ ਕੇ ਸਤਿਕਾਰ ਦਿੱਤਾ ਹੈ:ਬਰਮਦਾਸ ਹੈ ਖੋਟੜਾ ਡੂੰਗਰੁਦਾਸ ਭਲੇ ਤਕਿਆਰਾ। ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।(ਵਾਰ ੧੧, ਪਉੜੀ ੧੭)

**ਸ. ਬਲਵਿੰਦਰ ਸਿੰਘ 'ਜੌੜਾ ਸਿੰਘਾ'**

# ਸ੍ਰੀ ਅਕਾਲ ਤਖ਼ਤ ਸਾਹਿਬ

ਗੁਰੂ ਸਾਹਿਬ ਦੀ ਅਗੰਮੀ ਸੋਚ, ਖਾਲਸੇ ਦੀ ਸੁਤੰਤਰਤਾ ਦਾ ਪ੍ਰਤੀਕ, ਸਿੱਖਾਂ ਦੀ ਹੱਕ-ਸੱਚ ਅਤੇ ਇਨਸਾਫ ਦੀ ਸੁਪਰੀਮ ਅਦਾਲਤ ਸ੍ਰੀ (ਅਕਾਲ ਬੁੰਗਾ) ਅਕਾਲ ਤਖ਼ਤ ਸਾਹਿਬ ਦੀ ਨੀਂਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਵਿੱਤਰ ਕਰ-ਕੰਵਲਾਂ ਨਾਲ ੧੬੦੬ ਵਿਚ ਰੱਖੀ, ਜਿਸ ਦੀ ਪਵਿੱਤਰ ਚਿਣਵਾਈ ਦੀ ਸੇਵਾ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਅਤੇ ਭਾਈ ਗੁਰਦਾਸ ਜੀ ਨੇ ਅਹਿਮ ਯੋਗਦਾਨ ਪਾਇਆ, ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਭਾਈ ਗੁਰਦਾਸ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਵਜੋਂ ਮਾਣ ਪ੍ਰਾਪਤ ਹੋਇਆ।ਤਖਤ ਪ੍ਰਜ ਕਰਬੇ ਨਿਮਿੱਤ, ਗੁਰਦਾਸ ਭਾਈ ਠਹਰਾਇ।ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ ਮੁਗਲ ਸਰਕਾਰ ਨੇ ਸ਼ਾਇਦ ਇਹ ਦੱਸਣਾ ਚਾਹਿਆ ਸੀ ਕਿ ਹੁਣ ਸਿੱਖ ਧਰਮ ਦਾ ਵਿਕਾਸ ਅਸੰਭਵ ਹੈ, ਪਰ ਆਪਣੇ ਮਹਿਬੂਬ ਪਿਤਾ ਦੀ ਸ਼ਹਾਦਤ ਦਾ ਅਸਰ ਕਬੂਲਦਿਆਂ ਹੋਇਆਂ ਦਲ-ਭੰਜਨ ਸੂਰਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖੀ ਨੂੰ ਸੁਤੰਤਰ ਬਣਾਉਣ, ਸ਼ਹਿਨਸ਼ਾਹਾਂ ਦੀ ਤਰ੍ਹਾਂ ਕੇਸਰੀ ਬਾਣਾ ਪਹਿਨ ਸੀਸ 'ਤੇ ਦਸਤਾਰ ਅਤੇ ਕਲਗੀ ਸਜਾ ਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ।ਪ੍ਰੀਤ ਪੁਸ਼ਾਕ ਧਰੀ ਸੁਖਸਾਗਰ ਔ ਕਲਗੀ ਗੁਰ ਸੀਸ ਸੁਹਾਵੈ॥ਸਿੱਖ ਰਿਲੀਜ਼ਨ ਵਿਚ ਮੈਕਾਲਫ਼ ਲਿਖਦਾ ਹੈ ਕਿ " ਗੁਰੂ ਸਾਹਿਬ ਨੇ ਫ਼ਰਮਾਇਆ ਤਲਵਾਰ ਦੀ ਪੇਟੀ ਮੇਰੀ ਮਾਲਾ ਹੋਵੇਗੀ, ਮੇਰੀ ਦਸਤਾਰ ਉੱਪਰ ਕਲਗੀ ਸਹਿਨਸ਼ਾਹ ਦਾ ਚਿੰਨ੍ਹ ਦਿਸੇਗੀ।"ਸਿਆਸਤ ਧਰਮ ਦਾ ਅਨਿੱਖੜਵਾਂ ਅੰਗ ਹੈ ਉਸ ਵਕਤ ਆਪ ਨੇ ਗਰੀਬਾਂ, ਮਜ਼ਲੂਮਾਂ ਤੇ ਅਨਾਥਾਂ ਦੀ ਰੱਖਿਆ ਲਈ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਕੇਸਰੀ ਨਿਸ਼ਾਨ ਝੁਲਾਏ ਜੋ ਧਰਮ ਅਤੇ ਰਾਜਨੀਤੀ ਦੇ ਸੁਮੇਲ ਦਾ ਚਿੰਨ੍ਹ ਹਨ ਅਤੇ ਮੀਰੀ-ਪੀਰੀ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਗਿਆ ਕਿ ਇਹ ਤਖ਼ਤ ਸਾਰੇ ਦੁਨਿਆਵੀ ਤਖ਼ਤਾਂ ਤੋਂ ਵਡੇਰਾ ਕਰ ਕੇ ਜਾਣਿਆ ਜਾਵੇ, ਰਾਜਨੀਤੀ ਧਰਮ ਦੀ ਤਾਬਿਆਦਾਰ ਰਹੇ।ਬੇਸ਼ਕ ਸਿਆਸਤ ਧਰਮ ਦਾ ਅਨਿੱਖੜਵਾਂ ਅੰਗ ਹੈ, ਉਸ ਵਕਤ ਆਪ ਜੀ ਨਾ ਕਿਸੇ ਤੋਂ ਡਰੇ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੀ ਨੀਤੀ ਅਪਣਾਈ, ਅਨਿਆਂ ਸਹਿਣਾ ਵੀ ਅਨਿਆਂ ਕਰਨ ਵਾਂਗ ਪਾਪ ਹੈ, ਗੁਰਮਤਿ ਅਨਿਆਂ ਅਤੇ ਅੱਤਿਆਚਾਰ ਵਿਰੁੱਧ ਸੰਘਰਸ਼ ਕਰਨ ਨੂੰ ਸੂਰਬੀਰਤਾ ਪ੍ਰਵਾਨ ਕਰਦੀ ਅਤੇ ਸ਼ਹਾਦਤ ਨੂੰ ਸਤਿਕਾਰ ਬਖਸ਼ਿਸ਼ ਕਰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥(ਅੰਗ ੫੭੯-੮੦)ਜਿਸ ਵਕਤ ਗੁਰੂ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੀਰੀ-ਪੀਰੀ ਦੇ ਨਾਲ ਭਗਤੀ-ਸ਼ਕਤੀ, ਸੰਤ ਤੇ ਸਿਪਾਹੀ ਦਾ ਸੰਕਲਪ ਜੋੜਿਆ ਉਸ ਵਕਤ ਭਾਰਤ ਵਿਚ ਜਬਰ ਤੇ ਜ਼ੁਲਮ ਦਾ ਬੋਲ-ਬਾਲਾ ਸੀ, ਜਿਸ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰ ਕੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਉਤਸ਼ਾਹਿਤ ਕੀਤਾ, ਗੁਰੂ ਜੀ ਦੇ ਹੁਕਮ ਅਨੁਸਾਰ ਜਿੱਥੇ ਸੰਗਤ ਸ਼ਸਤਰ ਅਤੇ ਸੁਹਣੇ ਘੋੜੇ ਲੈ ਕੇ ਆਪ ਜੀ ਦੇ ਦਰਬਾਰ ਵਿਚ ਹਾਜ਼ਰ ਹੋਣ ਲੱਗੀ ਉੱਥੇ ਸੂਰਬੀਰ ਵੀ ਆਪਣੀਆਂ ਜਵਾਨੀਆਂ ਗੁਰੂ ਸਾਹਿਬ ਜੀ ਅੱਗੇ ਭੇਟ ਕਰਨ ਲੱਗੇ। ਇਸ ਤਰ੍ਹਾਂ ਆਪ ਦੀ ਫੌਜ ਵਿਚ ਮਾਝੇ ਅਤੇ ਮਾਲਵੇ ਦੇ ਕਰੀਬ ੫੦੦ ਜਵਾਨ ਭਰਤੀ ਹੋਏ। ਸਰ ਚਾਰਲਸ ਅਨੁਸਾਰ, "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਧਰਮ ਅਤੇ ਸਿਆਸਤ ਨੂੰ ਜੋੜਨ ਦੇ ਬੀਜ ਪਾਏ ਗਏ ਅਤੇ ਉਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵਧੇ ਫੁਲੇ। "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਲੋੜ ਮਹਿਸੂਸ ਕਰਦੇ ਹੋਏ ਸਿੱਖਾਂ ਵਿਚ ਜੰਗੀ ਸੁਭਾਅ ਭਰਿਆ। ਇਨ੍ਹਾਂ ਜਵਾਨਾਂ ਨੂੰ ਸ਼ਸਤਰ ਵਿੱਦਿਆ ਦੇ ਕਰਤਵ ਸਿਖਾਉਣ ਲਈ ਆਪ ਜੀ ਨੇ ੫੨ ਫੌਜੀ ਭਰਤੀ ਕੀਤੇ ਜੋ ਜ਼ਿਲ੍ਹੇ ਸ੍ਰੀ ਅੰਮ੍ਰਿਤਸਰ ਦੇ ਨਜ਼ਦੀਕ ਗੁੰਮਟਾਲਾ ਕਸਬੇ ਦੀ ਖੁੱਲ੍ਹੀ ਜਗ੍ਹਾ ਤੇ ਸ਼ਸਤਰ-ਵਿੱਦਿਆ ਦਾ ਅਭਿਆਸ ਕਰਦੇ। ਇਸ ਦੇ ਨਾਲ ਹੀ ਉਨ੍ਹਾਂ ਜਵਾਨਾਂ ਵਿਚ ਜੋਸ਼ ਭਰਨ ਲਈ ਗੁਰੂ ਸਾਹਿਬ ਨੇ ਢਾਡੀਆਂ ਨੂੰ ਪ੍ਰੇਰਿਤ ਕੀਤਾ ਅਤੇ ਕਿਹਾ, "ਹੁਣ ਲੋੜ ਹੈ ਕਿ ਤੁਹਾਡੇ ਸਾਜ਼ਾਂ ਵਿੱਚੋਂ ਲਲਕਾਰਾਂ ਨਿਕਲਣ। ਤੁਹਾਡੀਆਂ ਸੁਰਾਂ ਕੌਮ ਨੂੰ ਵੰਗਾਰਨ। ਤੁਹਾਡੀ ਢੱਡ ਦੀ ਠੱਪ ਜਨਤਾ ਨੂੰ ਟੁੰਬ ਕੇ ਜਗਾਏ। ਤੁਹਾਡੇ ਗਜ ਦੇ ਘੁੰਗਰੂ ਕੁਰਬਾਨੀ ਲਈ ਦਿਲਾਂ ਵਿਚ ਚਾਅ ਪੈਦਾ ਕਰਨ। "ਇਸ ਸੇਵਾ ਲਈ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਦੇ ਭਾਈ ਨੱਥਾ ਮੱਲ ਜੀ ਅਤੇ ਭਾਈ ਅਬਦੁੱਲਾ ਜੀ ਨੇ ਅਹਿਮ ਭੂਮਿਕਾ ਨਿਭਾਈ। ਗੁਰੂ ਸਾਹਿਬ ਦੀ ਸਿਫਤ ਵਿਚ ਤਖ਼ਤਨਸ਼ੀਨੀ ਦੀ ਪਹਿਲੀ ਵਾਰ ਭਾਈ ਨੱਥਾ ਜੀ ਤੇ ਭਾਈ ਅਬਦੁੱਲਾਜੀ ਦੁਆਰਾ ਗਾਈ ਗਈ:ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਦੀ ਇਕ ਪੀਰ ਦੀ।ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।ਹਿੰਮਤ ਬਾਹਾਂ ਕੋਟਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।ਪੱਗ ਤੇਰੀ, ਕੀ ਜਹਾਂਗੀਰ ਦੀ।ਵਾਰਾਂ ਨਾਲ ਸਿੱਖਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ, ਗੁਰੂ ਸਾਹਿਬ ਜੀ ਨੇ ਯੋਧਿਆਂ ਵਿਚ ਜੋਸ਼ ਭਰਨ ਲਈ ਹੋਰ ਵਾਰਾਂ ਲਿਖਵਾਈਆਂ। ਇਨ੍ਹਾਂ ਵਾਰਾਂ (ਯੁੱਧ-ਕਾਵਿ) ਨੇ ਸੂਰਮਿਆਂ ਦਾ ਖੂਨ ਗਰਮਾਉਣ ਦਾ ਕੰਮ ਕੀਤਾ, ਜਿਸ ਨਾਲ ਮੁਗਲ ਸਰਕਾਰ ਦਾ ਇਹ ਭਰਮ ਟੁੱਟ ਗਿਆ ਕਿ ਸਿੱਖ ਧਰਮ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਸੁਤੰਤਰ ਨਹੀਂ ਹਨ। ਗੁਰੂ ਸਾਹਿਬ ਜੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਸਿੱਖ ਧਰਮ ਦੀ ਹੋਂਦ ਦਾ ਇਕ ਵਿਲੱਖਣ ਚਿੰਨ੍ਹ ਸੀ, ਰਾਜਸੀ ਚਿੰਨ੍ਹਾਂ ਦਾ ਪ੍ਰਯੋਗ ਜਿਸ ਤਰ੍ਹਾਂ ਤਖ਼ਤਾਂ 'ਤੇ ਬਿਰਾਜਣਾ, ਦਰਬਾਰ ਸਜਾਉਣਾ, ਫੌਜ ਅਤੇ ਸ਼ਸਤਰ ਇਕੱਠੇ ਕਰਨ, ਗੁਰੂ-ਦਰਬਾਰ ਦੀ ਰਾਜਸੀ ਜਾਹੋ-ਜਲਾਲ ਜਿੱਥੇ ਬੈਠ ਕੇ ਗੁਰੂ ਸਾਹਿਬ ਸ਼ਹਿਨਸ਼ਾਹਾਂ ਦੀ ਤਰ੍ਹਾਂ ਦੀਵਾਨ ਲਗਾਉਂਦੇ ਅਤੇ ਦੀਵਾਨ ਉਪਰੰਤ ਸਿੱਖ ਸੰਗਤਾਂ ਦੀਆਂ ਸ਼ਕਾਇਤਾਂ ਮੁਕੱਦਮੇ ਅਤੇ ਝਗੜੇ ਨਿਪਟਾਉਂਦੇ ਤੇ ਆਪਣਾ ਹਰ ਨਵਾਂ ਫੈਸਲਾ ਗੁਰਮਤਿ ਦੀ ਬਖ਼ਸ਼ਣਹਾਰ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁਣਾਉਂਦੇ ਸਨ। ਫਲਸਰੂਪ ' ਲੋਕਾਂ ਨੇ ਲਾਹੌਰ ਜਾਂ ਦਿੱਲੀ ਵੱਲ ਮਸਲੇ ਲੈ ਕੇ ਜਾਣਾ ਛੱਡ ਦਿੱਤਾ, ਜੋ ਕਿ ਮੁਗਲ ਸਰਕਾਰ ਲਈ ਇਕ ਚੁਣੌਤੀ ਸੀ।ਗੁਰੂ ਸਾਹਿਬ ਦਾ ਸਮਕਾਲੀ 'ਦਬਿਸਤਾਨ-ਏ-ਮਜਾਹਿਬ' ਦਾ ਕਰਤਾ ਜ਼ੁਲਫਕਾਰ ਅਰਧਸਤਾਨੀ ਦਾ ਵੇਰਵਾ ਇਸ ਸੰਬੰਧ ਵਿਚ ਠੀਕ ਹੈ ਕਿ "ਉਸ (ਗੁਰੂ) ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।"ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਕਥਨ ਅਨੁਸਾਰ ਧਰਮ ਸੱਚ ਹੈ "ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਅਤੇ ਸਿਆਸਤ ਰਾਜ ਸੰਭਾਲਣ ਅਤੇ ਧੱਕੇਸ਼ਾਹੀ, ਬੇਇਨਸਾਫੀ ਨੂੰ ਦੂਰ ਕਰਨ ਅਤੇ ਚੰਗਾ ਰਾਜ-ਪ੍ਰਬੰਧ ਚਲਾਉਣਾ ਹੁੰਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਦਾ ਸਮਾਂ ਸ਼ਾਂਤਮਈ ਧਰਮ ਪ੍ਰਚਾਰ ਦਾ ਸੀ, ਅਕਬਰ ਬਾਦਸ਼ਾਹ ਦੇ ਵੇਲੈ ਤਕ ਸਿੱਖ ਧਰਮ ਵਿਚ ਕਿਸੇ ਵੀ ਮੁਗ਼ਲ ਬਾਦਸ਼ਾਹ ਨੇ ਦਖ਼ਲਅੰਦਾਜ਼ੀ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।ਸੰਨ ੧੬੧੦ ਵਿਚ ਮੁਰਤਜਾ ਖਾਨ ਦੇ ਪੰਜਾਬ ਦਾ ਗਵਰਨਰ ਬਣਨ ਤੇ ਗੁਰੂ-ਘਰ ਦੇ ਪੁਰਾਣੇ ਦੋਖੀ ਮੇਹਰਬਾਨ ਅਤੇ ਚੰਦੂ ਵਰਗਿਆਂ ਨੇ ਸਿੱਖਾਂ ਦੀ ਚੜ੍ਹਦੀ ਕਲਾ ਦੇਖ ਕੇ ਹਕੂਮਤ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਮੁਰਤਜਾ ਖਾਨ ਵੀ ਗੁਰੂ ਸਾਹਿਬਜੀ ਦੇ ਦਿਨੋ-ਦਿਨ ਵਧਦੇ ਪ੍ਰਭਾਵ ਤੋਂ ਘਬਰਾ ਗਿਆ ਅਤੇ ਜਹਾਂਗੀਰ ਦੇ ਹੁਕਮ 'ਤੇ ਸੰਨ ੧੬੧੦ ਵਿਚ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਸਾਈਂ ਮੀਆਂ ਮੀਰ ਅਤੇ ਕੁਝ ਨੇਕ ਦਿਲ ਮੁਸਲਮਾਨਾਂ ਵੱਲੋਂ ਤੇ ਗੁਰਸਿੱਖਾਂ ਵੱਲੋਂ ਅਵਾਜ਼ ਉਠਾਉਣ ਕਰਕੇ ੨ ਸਾਲ ਤੋਂ ਕੁਝ ਘੱਟ ਸਮੇਂ ਮਗਰੋਂ ਸੰਨ ੧੬੧੨ ਵਿਚ ਗੁਰੂ ਸਾਹਿਬ ਜੀ ਨੂੰ ਉਨ੍ਹਾਂ ਤੋਂ ਪਹਿਲਾਂ ਕੈਦ ਕੀਤੇ ਗਏ ੫੨ ਕੈਦੀ ਰਾਜਿਆਂ ਸਮੇਤ ਰਿਹਾਅ ਕਰ ਦਿੱਤਾ।ਗੁਰੂ ਸਾਹਿਬ ਜੀ ਨੂੰ ਬਹੁਤਾ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਣ ਦਾ ਨਹੀਂ ਮਿਲਿਆ, ਕਿਉਂਕਿ ਸ਼ਾਹਜਹਾਨ ਦੇ ਗੱਦੀ 'ਤੇ ਬੈਠਣ ਉਪਰੰਤ ਗੁਰੂ ਸਾਹਿਬ ਨੂੰ ਉਸ ਨਾਲ ਚਾਰ ਜੰਗਾਂ ਕਰਨੀਆਂ ਪਈਆਂ। ਸੰਨ ੧੬੩੩ ਵਿਚ ਕਾਲੇ ਖਾਂ, ਪੈਂਦੇ ਖਾਂ ਨਾਲ ਕਰਤਾਰਪੁਰ ਵਿਚ ਚੌਥੀ ਜੰਗ ਕਰਨ ਤੋਂ ਬਾਅਦ ਗੁਰੂ ਸਾਹਿਬ ਜੀ ਕਰਤਾਰਪੁਰ ਜਾਣ ਉਪਰੰਤ ਆਪ ਨੇ ਸਿੱਖ ਧਰਮ ਨੂੰ ਪ੍ਰਚਾਰਿਆ ਅਤੇ ਆਪਣੇ ਪੋਤਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਗੱਦੀ ਦਾ ਵਾਰਸ ਥਾਪ ਕੇ ੧੬੪੪ ਈ: ਵਿਚ ਜੋਤੀ ਜੋਤਿ ਸਮਾ ਗਏ।ਸੰਨ ੧੭੪੮ ਈ: ਦੀ ਵਿਸਾਖੀ 'ਤੇ ਸਰਬੱਤ ਖਾਲਸੇ ਦੇ ਰੂਪ ਵਿਚ ਇਕੱਤਰ ਹੋ ਕੇ ਭਾਈ ਕਪੂਰ ਸਿੰਘ ਫੈਜਲਪੁਰੀਏ ਅਤੇ ਉਪਰੰਤ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਨੇਤਾ ਚੁਣਿਆ ਗਿਆ। ਇਸ ਉਪਰੰਤ ਭਾਈ ਗੁਰਬਖਸ਼ ਸਿੰਘ ਜੀ ਜਥੇਦਾਰ ਥਾਪੇ ਗਏ ਜਿਨ੍ਹਾਂ ਨੇ ੩੦ ਸਿੰਘਾਂ ਸਮੇਤ ਅਬਦਾਲੀ ਦੀਆਂ ਅਣਗਿਣਤ ਫੌਜਾਂ ਨਾਲ ਲੜਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਤਾ। ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਹੁੰਦਿਆਂ ਹੋਇਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਪ੍ਰਵਾਨ ਕੀਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਧਰਮ ਨੂੰ ਸਿਆਸਤ ਤੋਂ ਉੱਪਰ ਰੱਖਣ ਦੇ ਸਿਧਾਂਤ ਨੂੰ ਅਮਲ ਵਿਚ ਲਿਆਂਦਾ।ਉਪਰੰਤ ਸਿੱਖ ਪੰਥ ਵੱਲੋਂ ਵੱਡੇ ਮਸਲੇ ਤੇ ਫੈਸਲਾ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸੇ ਦਾ ਇਕੱਠ ਬੁਲਾ ਕੇ ਅਨੇਕਾਂ ਗੁਰਮਤੇ ਪਾਸ ਕੀਤੇ ਜਾਂਦੇ ਸਨ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਿਰਜੇ ਸਿਧਾਂਤ ਨੂੰ ਪਰਪੱਕ ਕਰਦੀ ਹੈ।

**ਮਨਜੀਤ ਕੌਰ ਲੱਖਪੁਰ**

# ਵਿਸ਼ਵ ਵਿਚ ਸਿੱਖ ਪੰਥ ਦੀ ਨੁਮਾਇੰਦਗੀ ਕਿਥੇ ਹੈ, ਸੱਤਾ ਦੀਆਂ ਬਰੂਹਾਂ 'ਤੇ ਬੈਠੇ 'ਗੂੰਗੇ' ਚਿਹਰੇ ਕਿਉਂ ਹਨ?

## ਕੀ ਅਸੀਂ ਸਿਸਟਮ ਨੂੰ ਬਦਲ ਰਹੇ ਹਾਂ ਜਾਂ ਸਿਸਟਮ ਸਾਨੂੰ? ਕਿਥੇ ਹੈ ਗੁਰੂਆਂ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਤੇ ਨੀਤੀ? ਕੀ ਸਿਆਸਤ ਤੇ ਬਿਊਰੋਕ੍ਰੇਸੀ ਵਿਚ ਸਿੱਖਾਂ ਦੀ ਗਿਣਤੀ ਵਧਣ ਨਾਲ ਕੌਮੀ ਮਸਲੇ ਹੱਲ ਹੋ ਰਹੇ ਹਨ?

ਪਿਛਲੇ ਕੁਝ ਸਾਲਾਂ ਵਿੱਚ ਪੱਛਮੀ ਦੇਸ਼ਾਂ ਵਿੱਚ ਸਿੱਖ ਭਾਈਚਾਰੇ ਦੀ ਦਿੱਖ ਅਤੇ ਨੁਮਾਇੰਦਗੀ ਇਤਿਹਾਸਕ ਪੱਧਰ 'ਤੇ ਵਧੀ ਹੈ। ਸੰਸਦ ਵਿੱਚ ਵਧ ਰਹੀ ਗਿਣਤੀ, ਵੱਡੇ ਅਹੁਦਿਆਂ 'ਤੇ ਸਿੱਖ ਚਿਹਰੇ, ਕਾਰਪੋਰੇਟ ਬੋਰਡਰੂਮ ਤੋਂ ਲੈ ਕੇ ਪੁਲਿਸ ਅਤੇ ਅਕਾਦਮਿਕ ਖੇਤਰ ਤੱਕ ਸਿੱਖਾਂ ਦੀ ਮੌਜੂਦਗੀ—ਇਹ ਸਭ ਕੁਝ ਇੱਕ ਕਾਮਯਾਬ ਡਾਇਸਪੋਰਾ ਦੀ ਨਿਸ਼ਾਨੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਕੀ ਸਿਰਫ਼ ਅਹੁਦਿਆਂ ਦੀ ਪ੍ਰਾਪਤੀ ਹੀ ਪੰਥਕ ਸ਼ਕਤੀ ਤੇ ਵਿਕਾਸ ਦਾ ਪ੍ਰਤੀਕ ਹੈ? ਅੱਜ ਜਦੋਂ ਅਸੀਂ ਵਿਸ਼ਵ ਪੱਧਰ 'ਤੇ ਸਿੱਖਾਂ ਨੂੰ ਉੱਚ ਅਹੁਦਿਆਂ 'ਤੇ ਬਿਰਾਜਮਾਨ ਦੇਖਦੇ ਹਾਂ, ਤਾਂ ਦੂਜੇ ਪਾਸੇ ਸਿੱਖ ਪੰਥ ਵਿਰੁੱਧ ਵਧ ਰਹੀ ਨਫ਼ਰਤ, ਨਸਲਵਾਦ ਅਤੇ ਅਸੁਰੱਖਿਆ ਇੱਕ ਵੱਡੀ ਚਿੰਤਾ ਬਣ ਕੇ ਉੱਭਰੀ ਹੈ।ਅਜੇ ਸਿੰਘ ਬੰਗਾ ਵਰਗੀਆਂ ਸ਼ਖਸੀਅਤਾਂ ਦਾ ਵਿਸ਼ਵ ਬੈਂਕ ਵਰਗੇ ਅਦਾਰਿਆਂ ਦੀ ਅਗਵਾਈ ਕਰਨਾ ਨਿੱਜੀ ਤੌਰ 'ਤੇ ਤਾਂ ਬਹੁਤ ਵੱਡੀ ਪ੍ਰਾਪਤੀ ਹੈ, ਪਰ ਕੀ ਇਹ ਨੁਮਾਇੰਦਗੀ ਸਿੱਖੀ ਦੇ 'ਸਰਬੱਤ ਦਾ ਭਲਾ' ਦੇ ਸਿਧਾਂਤ ਨੂੰ ਕੌਮਾਂਤਰੀ ਨੀਤੀਆਂ ਦਾ ਹਿੱਸਾ ਬਣਾ ਸਕੀ ਹੈ? ਸ਼ਾਇਦ ਨਹੀਂ।

ਪੱਛਮੀ ਸਿਆਸਤ ਵਿੱਚ ਸਿੱਖਾਂ ਨੂੰ ਆਪਣੀ ਜਗ੍ਹਾ ਬਣਾਈ ਰੱਖਣ ਲਈ ਅਕਸਰ ਪੰਥਕ ਸਰੋਕਾਰਾਂ ਨਾਲੋਂ 'ਸਿਆਸੀ ਵਫ਼ਾਦਾਰੀ' ਨੂੰ ਪਹਿਲ ਦੇਣੀ ਪੈਂਦੀ ਹੈ। ਇਹੀ ਕਾਰਨ ਹੈ ਕਿ ਜਦੋਂ ਸਿੱਖ ਭਾਈਚਾਰੇ 'ਤੇ ਭੀੜ ਪੈਂਦੀ ਹੈ, ਤਾਂ ਇਹ ਨੁਮਾਇੰਦਗੀ ਅਕਸਰ ਬੇਵੱਸ ਤੇ ਨਿਤਾਣੀ ਨਜ਼ਰ ਆਉਂਦੀ ਹੈ। ਪ੍ਰਵਾਸੀ ਸਿੱਖ ਵੀ ਇਤਰਾਜ਼ ਕਰਦੇ ਹਨ ਕਿ ਸਾਡੇ ਨੁਮਾਇੰਦੇ ਅੰਨੇ ਬੋਲੇ ਕਿਉਂ ?ਅਮਰੀਕਾ ਵਰਗੇ ਮੁਲਕਾਂ ਵਿੱਚ ਸਿੱਖ ਪਛਾਣ (ਦਸਤਾਰ ਅਤੇ ਦਾੜ੍ਹੀ) ਨੂੰ 'ਇਮੀਗ੍ਰੇਸ਼ਨ ਵਿਰੋਧੀ' ਪ੍ਰਚਾਰ ਵਿੱਚ ਵਰਤਣਾ ਇੱਕ ਖ਼ਤਰਨਾਕ ਰੁਝਾਨ ਹੈ। ਜਦੋਂ ਸਿਆਸੀ ਪਾਰਟੀਆਂ ਵੋਟਾਂ ਲਈ ਸਿੱਖ ਦਿੱਖ ਨੂੰ "ਬਾਹਰੀ" ਜਾਂ "ਖ਼ਤਰਾ" ਵਜੋਂ ਪੇਸ਼ ਕਰਦੀਆਂ ਹਨ, ਤਾਂ ਆਮ ਜਨਤਾ ਵਿੱਚ ਉਸ ਭਾਈਚਾਰੇ ਪ੍ਰਤੀ ਨਫ਼ਰਤ ਵਧਦੀ ਹੈ। ਇੱਥੇ ਸਿੱਖਾਂ ਦੀ ਦਿੱਖ ਉਨ੍ਹਾਂ ਲਈ ਸਨਮਾਨ ਦੀ ਬਜਾਏ ਇੱਕ 'ਨਿਸ਼ਾਨਾ' ਬਣ ਜਾਂਦੀ ਹੈ।

ਯੂਕੇ ਵਿੱਚ ਜਦੋਂ ਸਿੱਖ ਬੀਬੀਆਂ ਨਾਲ ਹਿੰਸਾ ਹੁੰਦੀ ਹੈ ਜਾਂ ਨਸਲਵਾਦ ਵਧਦਾ ਹੈ, ਤਾਂ ਇਹ ਸਿਆਸੀ ਨੁਮਾਇੰਦੇ ਅਕਸਰ ਆਪਣੀ ਪਾਰਟੀ ਦੀਆਂ ਨੀਤੀਆਂ ਜਾਂ 'ਵੋਟ ਬੈਂਕ' ਦੀ ਰਾਜਨੀਤੀ ਕਾਰਨ ਉਨਾ ਸਖ਼ਤ ਸਟੈਂਡ ਨਹੀਂ ਲੈ ਪਾਉਂਦੇ ਜਿੰਨੀ ਉਮੀਦ ਕੀਤੀ ਜਾਂਦੀ ਹੈ। ਪ੍ਰਵਾਸੀ ਸਿੱਖ ਭਾਈਚਾਰੇ ਨੂੰ ਜਾਪਦਾ ਹੈ ਕਿ ਇਹ ਸੋਅਪੀਸ ਹਨ।ਜ਼ਮੀਨੀ ਪੱਧਰ 'ਤੇ ਆਮ ਸਿੱਖ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਨਿਊਜ਼ੀਲੈਂਡ ਵਰਗੇ ਸ਼ਾਂਤ ਦੇਸ਼ਾਂ ਵਿੱਚ ਨਗਰ ਕੀਰਤਨਾਂ ਦੀ ਸੁਰੱਖਿਆ 'ਤੇ ਸਵਾਲ ਉੱਠਣਾ ਇਹ ਦੱਸਦਾ ਹੈ ਕਿ ਪੱਛਮੀ ਸਮਾਜਾਂ ਵਿੱਚ 'ਬਹੁ-ਸੱਭਿਆਚਾਰਵਾਦ' ਦਾ ਸੰਕਲਪ ਕਮਜ਼ੋਰ ਪੈ ਰਿਹਾ ਹੈ।

ਆਰਥਿਕ ਮੰਦਹਾਲੀ ਅਤੇ ਸਥਾਨਕ ਨਸਲਵਾਦੀ ਰਾਸ਼ਟਰਵਾਦ ਦੇ ਵਧਣ ਕਾਰਨ, ਘੱਟ ਗਿਣਤੀਆਂ ਖਾਸ ਕਰਕੇ ਸਿੱਖ ਭਾਈਚਾਰੇ ਦੇ ਧਾਰਮਿਕ ਪ੍ਰਗਟਾਵੇ ਨੂੰ ਹੁਣ 'ਧਾਰਮਿਕ ਰਸਮ' ਦੀ ਬਜਾਏ 'ਘੁਸਪੈਠ' ਵਜੋਂ ਦੇਖਿਆ ਜਾਣ ਲੱਗਾ ਹੈ। ਉਨ੍ਹਾਂ ਦੀ ਧਾਰਮਿਕ ਆਜ਼ਾਦੀ ਖੋਹੀ ਜਾ ਰਹੀ ਹੈ।ਇੱਕ ਵੱਡੀ ਕਮੀ ਇਹ ਰਹੀ ਹੈ ਕਿ ਅਸੀਂ ਪੱਛਮ ਨੂੰ ਆਪਣੀ 'ਦਿੱਖ' ਤਾਂ ਦਿਖਾ ਦਿੱਤੀ, ਪਰ ਆਪਣੀ 'ਹਸਤੀ' ਅਤੇ ਸਿਧਾਂਤਾਂ ਬਾਰੇ ਓਨੀ ਗਹਿਰਾਈ ਨਾਲ ਨਹੀਂ ਸਮਝਾ ਸਕੇ। ਪੱਛਮੀ ਲੋਕ ਸਾਨੂੰ ਦਸਤਾਰ ਤੋਂ ਤਾਂ ਪਛਾਣਦੇ ਹਨ, ਪਰ ਉਸ ਦਸਤਾਰ ਦੇ ਦਾਰਸ਼ਨਿਕ ਤੇ ਸਿਧਾਂਤਕ ਆਧਾਰ' ਨਿਆਂਏ,ਬਰਾਬਰੀ, ਸਾਂਝੀਵਾਲਤਾ,ਸਰਬਤ ਅਜ਼ਾਦੀ' ਅਤੇ 'ਸਰਬੱਤ ਦੇ ਭਲੇ' ਦੇ ਫਲਸਫੇ ਤੋਂ ਅਣਜਾਣ ਹਨ। ਜਿੰਨਾ ਚਿਰ ਕੋਈ ਸਮਾਜ ਤੁਹਾਡੇ ਸਿਧਾਂਤਾਂ ਨੂੰ ਨਹੀਂ ਸਮਝੇਗਾ,ਸਤਿਕਾਰ ਨਹੀਂ ਕਰੇਗਾ, ਉਹ ਸਿਰਫ਼ ਤੁਹਾਡੀ ਦਿੱਖ ਨੂੰ ਦੇਖ ਕੇ ਤੁਹਾਨੂੰ ਸਵੀਕਾਰ ਨਹੀਂ ਕਰੇਗਾ।

ਯੂਕੇ ਵਿੱਚ ਰਿਕਾਰਡ ਗਿਣਤੀ ਵਿੱਚ ਸਿੱਖ ਸੰਸਦ ਮੈਂਬਰ ਹਨ, ਕੈਨੇਡਾ ਵਿੱਚ ਲਗਭਗ 20 ਐਮਪੀ ਅਤੇ ਕੈਬਿਨੇਟ ਪੱਧਰ ਦੀ ਭੂਮਿਕਾ, ਅਤੇ ਅਮਰੀਕਾ ਵਿੱਚ ਉੱਚ ਅਹੁਦਿਆਂ 'ਤੇ ਸਿੱਖ ਨਿਯੁਕਤੀਆਂ—ਇਹ ਸਾਰੇ ਅੰਕੜੇ ਮਾਣ ਕਰਨ ਵਾਲੇ ਹਨ। ਪਰ ਜਦੋਂ ਅਸਲੀ ਮਸਲਿਆਂ 'ਤੇ ਗੱਲ ਆਉਂਦੀ ਹੈ, ਇਹ ਨੁਮਾਇੰਦਗੀ ਸਿੱਖ ਪੰਥ ਦੀ ਪ੍ਰਤੀਨਿਧਤਾ ਨਹੀਂ ਕਰ ਰਹੀ ਹੁੰਦੀ।"ਬਰਤਾਨਵੀ ਪਾਰਲੀਮੈਂਟ ਵਿੱਚ ਸਿੱਖ ਮੈਂਬਰਾਂ ਦੀ ਰਿਕਾਰਡ ਗਿਣਤੀ ਹੋਣ ਦੇ ਬਾਵਜੂਦ 'ਫ੍ਰੀ ਜੱਗੀ ਹੁਣੇ' (Free Jaggi Now) ਵਰਗੀ ਮੁਹਿੰਮ ਨੂੰ ਆਪਣੀ ਹੀ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤਾ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਸਿਆਸੀ ਕੁਰਸੀਆਂ 'ਤੇ ਬੈਠੇ ਸਿੱਖ ਨੁਮਾਇੰਦੇ ਅਕਸਰ ਸਿਸਟਮ ਦੀਆਂ ਮਜਬੂਰੀਆਂ ਅਤੇ ਪਾਰਟੀ ਨੀਤੀਆਂ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਹਨ।ਯੂਕੇ ਸਰਕਾਰ ਇਸ ਮਸਲੇ ਬਾਰੇ ਬੁੱਤ ਵਾਂਗ ਚੁਪ ਹੈ। ਅਮਰੀਕਾ ਵਿੱਚ ਸਿੱਖ ਟਰੱਕ ਡਰਾਈਵਰਾਂ ਅਤੇ ਫੌਜੀ ਕਰਮਚਾਰੀਆਂ ਦੇ ਹੱਕਾਂ ਨਾਲ ਜੁੜੇ ਮਸਲੇ ਅਜੇ ਵੀ ਹੱਲ ਨਹੀਂ ਹੋਏ। ਕੈਨੇਡਾ ਵਿੱਚ ਵੱਡੀ ਰਾਜਨੀਤਿਕ ਮੌਜੂਦਗੀ ਦੇ ਬਾਵਜੂਦ ਸਿੱਖਾਂ ਦੀ ਸੁਰੱਖਿਆ ਮੁੱਖ ਤਰਜੀਹ ਨਹੀਂ ਬਣ ਸਕੀ।ਇਹ ਹਕੀਕਤ ਹੈ ਕਿ ਸਰਕਾਰਾਂ ਬਦਲਣ ਨਾਲ ਸਿਸਟਮ ਨਹੀਂ ਬਦਲਦਾ।

ਸਿੱਖ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਦੀ ਅਸਲ ਤਾਕਤ ਕਦੇ ਵੀ ਸਰਕਾਰੀ ਅਹੁਦਿਆਂ ਵਿੱਚ ਨਹੀਂ ਰਹੀ, ਸਗੋਂ 'ਜਥੇਬੰਦਕ ਸ਼ਕਤੀ' ਅਤੇ 'ਸੰਗਤੀ ਰੂਪ' ਵਿੱਚ ਰਹੀ ਹੈ। ਸਿੱਖ ਪੰਥ ਦੀ ਸੰਗਤੀ ਕਾਰਵਾਈ—ਚਾਹੇ ਵੋਟਿੰਗ ਬਲਾਕ ਹੋਣ ਜਾਂ ਸੰਘਰਸ਼—ਹਮੇਸ਼ਾ ਵੱਡਾ ਅਸਰ ਛੱਡਦੇ ਆਏ ਹਨ।ਕੈਨੇਡਾ ਦੀ 2018/2019 ਦੀ 'ਪਬਲਿਕ ਰਿਪੋਰਟ ਆਨ ਦਾ ਟੈਰਰਿਜ਼ਮ ਥਰੈਟ ਟੂ ਕੈਨੇਡਾ' ਦਾ ਮਾਮਲਾ ਸਿੱਖ ਇਤਿਹਾਸ ਵਿੱਚ ਇੱਕ ਮਿਸਾਲ ਵਜੋਂ ਦੇਖਿਆ ਜਾਂਦਾ ਹੈ।ਕੈਨੇਡਾ ਸਰਕਾਰ ਨੇ ਆਪਣੀ ਸਾਲਾਨਾ ਸੁਰੱਖਿਆ ਰਿਪੋਰਟ ਵਿੱਚ ਪਹਿਲੀ ਵਾਰ 'ਸਿੱਖ (ਖ਼ਾਲਿਸਤਾਨੀ) ਕੱਟੜਵਾਦ' ਸ਼ਬਦ ਦੀ ਵਰਤੋਂ ਕੀਤੀ ਸੀ। ਇਸ ਰਿਪੋਰਟ ਵਿੱਚ ਬਿਨਾਂ ਕਿਸੇ ਠੋਸ ਸਬੂਤ ਦੇ ਪੂਰੇ ਸਿੱਖ ਭਾਈਚਾਰੇ ਦੀਆਂ ਸਿਆਸੀ ਭਾਵਨਾਵਾਂ ਨੂੰ ਅੱਤਵਾਦ ਨਾਲ ਜੋੜ ਕੇ ਪੇਸ਼ ਕੀਤਾ ਗਿਆ ਸੀ। ਇਸ ਨਾਲ ਕੈਨੇਡਾ ਵਿੱਚ ਰਹਿਣ ਵਾਲੇ ਲੱਖਾਂ ਨਿਰਦੋਸ਼ ਸਿੱਖਾਂ ਦੀ ਪਛਾਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ।ਉਸ ਸਮੇਂ ਕੈਨੇਡਾ ਦੀ ਪਾਰਲੀਮੈਂਟ ਅਤੇ ਕੈਬਨਿਟ ਵਿੱਚ ਕਈ ਸਿੱਖ ਚਿਹਰੇ ਮੌਜੂਦ ਸਨ।

ਪਰ ਸ਼ੁਰੂਆਤੀ ਦੌਰ ਵਿੱਚ, ਉਹ ਆਪਣੀ ਹੀ ਸਰਕਾਰ ਦੀ ਰਿਪੋਰਟ ਦੇ ਵਿਰੁੱਧ ਖੁੱਲ੍ਹ ਕੇ ਬੋਲਣ ਤੋਂ ਕਤਰਾ ਰਹੇ ਸਨ। ਪਾਰਟੀ ਅਨੁਸ਼ਾਸਨ ਅਤੇ ਸਰਕਾਰੀ ਅਹੁਦਿਆਂ ਦੇ ਦਬਾਅ ਕਾਰਨ ਉਨ੍ਹਾਂ ਦੀ ਆਵਾਜ਼ ਓਨੀ ਪ੍ਰਭਾਵਸ਼ਾਲੀ ਨਹੀਂ ਸੀ ਜਿੰਨੀ ਕੌਮ ਨੂੰ ਉਮੀਦ ਸੀ। ਇਹ ਸਪੱਸ਼ਟ ਹੋ ਗਿਆ ਸੀ ਕਿ ਸਿਰਫ਼ 'ਕੁਰਸੀ' 'ਤੇ ਬੈਠਣਾ ਕੌਮੀ ਹਿੱਤਾਂ ਦੀ ਰਾਖੀ ਦੀ ਗਾਰੰਟੀ ਨਹੀਂ ਹੈ।ਜਦੋਂ ਸਿਆਸੀ ਰਾਹ ਬੰਦ ਨਜ਼ਰ ਆਏ, ਤਾਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ (ਖ਼ਾਸਕਰ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਗੁਰਦੁਆਰਾ ਕੌਂਸਲਾਂ) ਨੇ ਕਮਾਨ ਸੰਭਾਲੀ। ਸੈਂਕੜੇ ਗੁਰਦੁਆਰਿਆਂ ਨੇ ਮਿਲ ਕੇ ਇੱਕ ਸਾਂਝਾ ਮਤਾ ਪਾਸ ਕੀਤਾ।ਸੰਗਤ ਨੇ ਆਪਣੇ ਇਲਾਕਿਆਂ ਦੇ ਐਮ.ਪੀਜ਼ (ਭਾਵੇਂ ਉਹ ਸਿੱਖ ਸਨ ਜਾਂ ਗੈਰ-ਸਿੱਖ) ਦੇ ਦਫ਼ਤਰਾਂ ਦਾ ਘੇਰਾਓ ਕੀਤਾ ਅਤੇ ਉਨ੍ਹਾਂ ਨੂੰ ਸਪੱਸ਼ਟ ਕੀਤਾ ਕਿ ਜੇਕਰ ਇਹ ਸ਼ਬਦਾਵਲੀ ਨਾ ਹਟਾਈ ਗਈ, ਤਾਂ ਉਨ੍ਹਾਂ ਨੂੰ ਵੋਟਾਂ ਵਿੱਚ ਖ਼ਮਿਆਜ਼ਾ ਭੁਗਤਣਾ ਪਵੇਗਾ।ਸਿੱਖ ਜਥੇਬੰਦੀਆਂ ਨੇ ਕੈਨੇਡਾ ਦੇ ਸੁਰੱਖਿਆ ਮੰਤਰੀ ਨੂੰ ਮਿਲ ਕੇ ਤੱਥ ਪੇਸ਼ ਕੀਤੇ ਕਿ ਰਿਪੋਰਟ ਵਿੱਚ ਵਰਤੀ ਗਈ ਭਾਸ਼ਾ ਪੱਖਪਾਤੀ ਅਤੇ ਗੁੰਮਰਾਹਕੁੰਨ ਹੈ।ਚੋਣਾਂ ਨੇੜੇ ਹੋਣ ਅਤੇ ਸਿੱਖ ਸੰਗਤ ਦੇ ਭਾਰੀ ਦਬਾਅ ਕਾਰਨ, ਕੈਨੇਡਾ ਸਰਕਾਰ ਨੂੰ ਆਪਣੀ ਰਿਪੋਰਟ ਵਿੱਚ ਸੋਧ ਕਰਨੀ ਪਈ।

ਸਰਕਾਰ ਨੇ ਰਿਪੋਰਟ ਵਿੱਚੋਂ "ਸਿੱਖ" ਅਤੇ "ਖ਼ਾਲਿਸਤਾਨੀ" ਵਰਗੇ ਸ਼ਬਦ ਹਟਾ ਕੇ ਉਨ੍ਹਾਂ ਨੂੰ "ਕੱਟੜਪੰਥੀ ਹਿੰਸਾ" ਵਰਗੇ ਆਮ ਸ਼ਬਦਾਂ ਨਾਲ ਬਦਲ ਦਿੱਤਾ।ਇਹ ਮਾਮਲਾ ਸਾਨੂੰ ਦੱਸਦਾ ਹੈ ਕਿ:ਸਿਆਸਤਦਾਨ ਹਮੇਸ਼ਾ 'ਵੋਟ' ਦੀ ਭਾਸ਼ਾ ਸਮਝਦੇ ਹਨ। ਜਦੋਂ ਸੰਗਤ ਗੁਰਦੁਆਰਾ ਸਾਹਿਬਾਨ ਦੇ ਮੰਚ ਤੋਂ ਇੱਕ ਹੋ ਕੇ ਬੋਲਦੀ ਹੈ, ਤਾਂ ਸਰਕਾਰਾਂ ਨੂੰ ਸੁਣਨਾ ਪੈਂਦਾ ਹੈ। ਸਿਆਸੀ ਨੁਮਾਇੰਦਗੀ ਉਦੋਂ ਹੀ ਕੰਮ ਕਰਦੀ ਹੈ ਜਦੋਂ ਉਸ ਦੇ ਪਿੱਛੇ ਇੱਕ ਸੁਚੇਤ ਅਤੇ ਜਥੇਬੰਦਕ ਕੌਮੀ ਦਬਾਅ ਹੋਵੇ। ਗੁਰਦੁਆਰਾ ਸਿਰਫ਼ ਪੂਜਾ ਅਸਥਾਨ ਨਹੀਂ, ਸਗੋਂ ਸਿੱਖਾਂ ਦੇ ਸਿਆਸੀ ਅਤੇ ਸਮਾਜਿਕ ਹੱਕਾਂ , ਨਿਆਂ ਤੇ ਰੱਬੀ ਸੱਚ ਦੀ ਰਾਖੀ ਦਾ ਕੇਂਦਰ ਵੀ ਹਨ।ਇਸੇ ਤਰ੍ਹਾਂ ਕਿਸਾਨ ਅੰਦੋਲਨ ਨੇ ਸਾਬਤ ਕੀਤਾ ਕਿ ਕੌਮੀ ਇਕਜੁੱਟਤਾ ਕਿਸੇ ਵੀ ਸਿਆਸੀ ਨੁਮਾਇੰਦਗੀ ਤੋਂ ਕਿਤੇ ਵੱਧ ਤਾਕਤਵਰ ਹੈ।ਇਸਦਾ ਮਤਲਬ ਇਹ ਨਹੀਂ ਕਿ ਨੁਮਾਇੰਦਗੀ ਬੇਮਤਲਬ ਹੈ। ਇਹ ਸਿੱਖਾਂ ਦੀ ਮਿਹਨਤ, ਸੰਘਰਸ਼ ਅਤੇ ਕਾਮਯਾਬੀ ਦਾ ਪ੍ਰਤੀਕ ਹੈ।

ਅੱਜ ਸਿੱਖ ਡਾਇਸਪੋਰਾ ਅੱਗੇ ਵੱਡੀ ਚੁਣੌਤੀ ਇਹ ਨਹੀਂ ਹੈ ਕਿ ਅਹੁਦੇ ਕਿਵੇਂ ਪ੍ਰਾਪਤ ਕੀਤੇ ਜਾਣ, ਬਲਕਿ ਇਹ ਹੈ ਕਿ ਉਨ੍ਹਾਂ ਅਹੁਦਿਆਂ ਰਾਹੀਂ 'ਸਿੱਖੀ' ਦੇ ਅਸਲ ਮਨੋਰਥ ਨੂੰ ਕਿਵੇਂ ਉਜਾਗਰ ਕੀਤਾ ਜਾਵੇ? ਸਾਨੂੰ ਅਜਿਹੇ ਨੁਮਾਇੰਦਿਆਂ ਦੀ ਲੋੜ ਹੈ ਜੋ ਸਿਰਫ਼ ਸੋਅਪੀਸ' ਨਾ ਹੋਣ, ਸਗੋਂ ਜਿਨ੍ਹਾਂ ਦੀ ਆਵਾਜ਼ ਵਿੱਚ ਕੌਮੀ ਦਰਦ ਅਤੇ ਗੁਰਮਤਿ ਦਾ ਜਜ਼ਬਾ ਹੋਵੇ।ਇਸ ਸਥਿਤੀ ਵਿੱਚ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਸਿੱਖ ਨੁਮਾਇੰਦਗੀ ਵਧ ਰਹੀ ਹੈ ਜਾਂ ਨਹੀਂ।ਇਹ ਇੱਕ ਕੌੜੀ ਸੱਚਾਈ ਹੈ ਕਿ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਸਿੱਖਾਂ ਦੀ 'ਦਿੱਖ ਤਾਂ ਬਹੁਤ ਵਧੀ ਹੈ, ਪਰ ਉਨ੍ਹਾਂ ਦਾ 'ਪ੍ਰਭਾਵ' ਲਗਾਤਾਰ ਘਟ ਰਿਹਾ ਹੈ।

ਸਵਾਲ ਇਹ ਹੈ—ਕੀ ਇਹ ਨੁਮਾਇੰਦਗੀ ਅਰਥਪੂਰਨ ਹੈ?ਅਤੇ ਜੇ ਨਹੀਂ, ਤਾਂ ਸ਼ਾਇਦ ਭਵਿੱਖ ਇਸ ਵਿੱਚ ਨਹੀਂ ਕਿ ਅਸੀਂ ਪੱਛਮ ਵਿੱਚ ਹੋਰ ਸਿੱਖ ਚਿਹਰੇ ਲੱਭੀਏ, ਪਰ ਇਸ ਵਿੱਚ ਹੈ ਕਿ ਅਸੀਂ ਪੱਛਮ ਨੂੰ ਸਿੱਖੀ ਦੀ ਅਸਲੀ, ਸਪੱਸ਼ਟ ਸਪਿਰਿਟ, ਸਿਧਾਂਤ ਤੇ ਨੀਤੀ ਪੇਸ਼ਕਸ਼ ਕਰੀਏ।ਇਹੀ ਅਸਲ ਲੜਾਈ ਹੈ: ਦਿੱਖ ਤੋਂ ਅੱਗੇ ਵੱਧ ਕੇ ਅਸਰਦਾਰ ਬਣਾਉਣ ਦੀ।ਸਿੱਖੀ ਕੋਲ ਮਨੁੱਖਤਾ ਦੀ ਭਲਾਈ ਅਤੇ ਨਿਆਂ ਦਾ ਇੱਕ ਅਜਿਹਾ ਮਾਡਲ ਹੈ ਜਿਸ ਦੀ ਅੱਜ ਪੂਰੀ ਦੁਨੀਆ ਨੂੰ ਲੋੜ ਹੈ। ਗੁਰਦੁਆਰਾ ਆਧਾਰਿਤ ਇਕੱਤਰਤਾ, ਲੰਗਰ ਵਾਲੀ ਏਕਤਾ ਅਤੇ ਸਮੂਹਿਕ ਫੈਸਲੇ ਲੈਣ ਵਾਲੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਹ ਉਹ ਤਾਕਤ ਹੈ ਜੋ ਹਮੇਸ਼ਾ ਇਤਿਹਾਸ ਸਿਰਜਦੀ ਰਹੀ ਹੈ। ਰਾਜਨੀਤਕ ਅਹੁਦਿਆਂ ਤੋਂ ਉੱਪਰ ਉਠ ਕੇ ਪੰਥਕ ਢਾਂਚਿਆਂ ਨੂੰ ਜੀਵੰਤ ਰੱਖੋ।ਦੂਜਾ — ਸਿੱਖੀ ਦੇ ਸਿਧਾਂਤਾਂ ਨੂੰ ਰਾਜਨੀਤਕ ਭਾਸ਼ਾ ਵਿਚ ਨਾ ਬਦਲੋ, ਬਲਕਿ ਉਨ੍ਹਾਂ ਸਿਧਾਂਤਾਂ ਨੂੰ ਰਾਜਨੀਤਕ ਭਾਸ਼ਾ ਬਣਾਓ। ਜਦੋਂ ਵੀ ਕੋਈ ਸਿੱਖ ਨੇਤਾ ਬੋਲੇ ਤਾਂ ਉਸ ਵਿਚੋਂ ਗੁਰਮਤਿ ਫਲਸਫੇ ਦੀ ਰੌਸ਼ਨੀ ਨਿਕਲੇ, ਨਾ ਕਿ ਨਿੱਜੀ ਹਿੱਤ।

ਇਸ ਲਈ ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਆਪਣੀਆਂ ਸੰਸਥਾਵਾਂ ਨੂੰ ਮਜ਼ਬੂਤ ਕਰੇ ਤਾਂ ਜਜੋ ਆਪਣੇ ਰਾਜਨੀਤਕ ਨੇਤਾਵਾਂ ਉਪਰ ਕੁੰਡਾ ਰਖ ਸਕੇ ਤੇ, ਉਨ੍ਹਾਂ ਨੂੰ ਆਪਣੀ ਲਾਈਨ ਤੋਂ ਭਟਕਣ ਨਾ ਦੇਵੇ। ਭਵਿੱਖ ਵਿਚ ਨੁਮਾਇੰਦਗੀ ਨੂੰ ਤਾਕਤ ਦਾ ਸੰਕੇਤ ਨਹੀਂ ਸਮਝਿਆ ਜਾਣਾ ਚਾਹੀਦਾ, ਬਲਕਿ ਉਸ ਦੀ ਪਰਖ ਸੇਵਾ , ਨਿਆਂ ਅਤੇ ਸੰਘਰਸ਼ ਉਪਰ ਹੋਣੀ ਚਾਹੀਦੀ ਹੈ। ਗੁਰਦੁਆਰਾ ਸਾਹਿਬਾਨ ਨੂੰ ਸਿਰਫ਼ ਮੱਥਾ ਟੇਕਣ ਵਾਲੀ ਜਗ੍ਹਾ ਦੀ ਬਜਾਏ 'ਕੌਮੀ ਸੂਚਨਾ ਅਤੇ ਲਾਮਬੰਦੀ ਕੇਂਦਰ' ਵਜੋਂ ਵਰਤਿਆ ਜਾਵੇ। ਸਥਾਨਕ ਪੱਧਰ 'ਤੇ ਅਜਿਹੀਆਂ ਕਮੇਟੀਆਂ ਬਣਨ ਜੋ ਕਿਸੇ ਵੀ ਨਫ਼ਰਤੀ ਘਟਨਾ ਵੇਲੇ ਤੁਰੰਤ ਕਾਨੂੰਨੀ ਅਤੇ ਸਿਆਸੀ ਦਬਾਅ ਬਣਾ ਸਕਣ।ਪੱਛਮੀ ਮੁਲਕਾਂ ਵਿੱਚ ਹੋਰ ਦਬੇ-ਕੁਚਲੇ ਭਾਈਚਾਰਿਆਂ (Minorities) ਨਾਲ ਗੱਠਜੋੜ ਬਣਾਇਆ ਜਾਵੇ। ਜਦੋਂ ਸਿੱਖ ਦੂਜਿਆਂ ਦੇ ਹੱਕਾਂ ਲਈ ਬੋਲਣਗੇ, ਤਾਂ ਦੂਜੇ ਭਾਈਚਾਰੇ ਵੀ ਸਿੱਖਾਂ ਦੀ ਸੁਰੱਖਿਆ ਲਈ ਢਾਲ ਬਣ ਕੇ ਖੜ੍ਹਨਗੇ। ਇਹ 'ਸਰਬੱਤ ਦਾ ਭਲਾ' ਦਾ ਅਸਲ ਪ੍ਰਗਟਾਵਾ ਹੋਵੇਗਾ।ਪੰਥਕ ਜਥੇਬੰਦੀਆਂ ਨੂੰ ਸਿੱਖ ਸਿਆਸਤਦਾਨਾਂ ਲਈ ਇੱਕ 'ਰਿਪੋਰਟ ਕਾਰਡ' ਤੈਅ ਕਰਨਾ ਚਾਹੀਦਾ ਹੈ। ਉਨ੍ਹਾਂ ਤੋਂ ਸਵਾਲ ਪੁੱਛੇ ਜਾਣ ਕਿ ਉਨ੍ਹਾਂ ਨੇ ਕੌਮੀ ਮਸਲਿਆਂ 'ਤੇ ਸਰਕਾਰ ਅੰਦਰ ਕੀ ਭੂਮਿਕਾ ਨਿਭਾਈ ਹੈ।

ਸਿਰਫ਼ ਸਿੱਖ ਹੋਣ ਕਰਕੇ ਕਿਸੇ ਨੂੰ ਵੋਟ ਨਾ ਪਾਈ ਜਾਵੇ, ਸਗੋਂ ਕੌਮੀ ਪ੍ਰਤੀਬੱਧਤਾ ਦੇ ਅਧਾਰ 'ਤੇ ਹਮਾਇਤ ਦਿੱਤੀ ਜਾਵੇ।ਸਿੱਖ ਨੌਜਵਾਨਾਂ ਨੂੰ ਸਿਰਫ਼ ਡਾਕਟਰ-ਇੰਜੀਨੀਅਰ ਬਣਨ ਦੀ ਬਜਾਏ 'ਪਾਲਿਸੀ ਮੇਕਿੰਗ', 'ਪੱਤਰਕਾਰੀ', 'ਅੰਤਰਰਾਸ਼ਟਰੀ ਕਾਨੂੰਨ' ਅਤੇ 'ਸਮਾਜਿਕ ਵਿਗਿਆਨ' ਵਿੱਚ ਅੱਗੇ ਲਿਆਂਦਾ ਜਾਵੇ। ਜਦੋਂ ਨੀਤੀਆਂ ਬਣਾਉਣ ਵਾਲੇ ਡੈਸਕ 'ਤੇ ਸਿੱਖ ਬੈਠਾ ਹੋਵੇਗਾ, ਤਾਂ ਸਿੱਖੀ ਵਿਰੁੱਧ ਰਿਪੋਰਟਾਂ ਬਣਨੀਆਂ ਆਪਣੇ-ਆਪ ਬੰਦ ਹੋ ਜਾਣਗੀਆਂ। ਆਓ ਆਪਣੀਆਂ ਜੜ੍ਹਾਂ ਵੱਲ ਮੁੜੀਏ — ਗੁਰੂ ਘਰ ਵੱਲ, ਸੰਗਤ ਵੱਲ, ਲੰਗਰ ਵੱਲ ,ਮਨੁੱਖਤਾ ਦੀ ਸੇਵਾ ਵਲ ਅਤੇ ਸਮੂਹਿਕ ਇਕੱਤਰਤਾ ਤੇ ਇਕਮੁਠਤਾ ਵੱਲ।

ਇਸ ਵਿਚ ਹੀ ਸਿੱਖ ਪੰਥ ਦੀ ਅਸਲ ਤਾਕਤ ਹੈ। ਇਸੀ ਵਿਚ ਅਸਲ ਭਵਿੱਖ ਹੈ।ਭਵਿੱਖ ਦੀ ਰਾਹ ਸਿਆਸੀ ਗੁਲਾਮੀ ਵਿੱਚ ਨਹੀਂ, ਸਗੋਂ ਆਪਣੀਆਂ ਜੜ੍ਹਾਂ (ਪੰਥਕ ਫਰੇਮਵਰਕ) ਨਾਲ ਜੁੜ ਕੇ ਪੱਛਮ ਨੂੰ ਸਿੱਖੀ ਦੇ ਸੱਚੇ ਸਰੂਪ ਤੋਂ ਜਾਣੂ ਕਰਵਾਉਣ ਵਿੱਚ ਹੈ।


ਜੇਕਰ ਨੁਮਾਇੰਦਗੀ ਕੌਮੀ ਆਵਾਜ਼ ਨਹੀਂ ਬਣ ਸਕਦੀ, ਤਾਂ ਇਹ ਸਿਰਫ਼ ਇੱਕ ਖੋਖਲੀ ਨੁਮਾਇਸ਼ ਤੋਂ ਵੱਧ ਕੁਝ ਨਹੀਂ। ਸਿੱਖੀ ਦਾ ਭਵਿੱਖ ਸਿਰਫ਼ ਸਿਆਸੀ ਨੁਮਾਇੰਦਿਆਂ ਵਿੱਚ ਨਹੀਂ, ਸਗੋਂ ਸਿੱਖੀ ਦੇ ਸਪੱਸ਼ਟ ਦਾਰਸ਼ਨਿਕ ਤੇ ਸਿਧਾਂਤਕ ਪ੍ਰਗਟਾਵੇ ਵਿੱਚ ਹੈ।"

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**

# ਬੇਅਦਬੀਆਂ ਸਬੰਧੀ ਕਨੂੰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਜਥੇਬੰਦੀਆਂ ਦੀ ਇਕੱਤਰਤਾ 6 ਅਪ੍ਰੈਲ ਨੂੰ

## ਐਡਵੋਕੇਟ ਧਾਮੀ ਨੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਇਕੱਤਰਤਾ 'ਚ ਪੁੱਜਣ ਦੀ ਕੀਤੀ ਅਪੀਲ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਬਣਾਏ ਜਾ ਰਹੇ ਕਾਨੂੰਨ ਸਬੰਧੀ ਵਿਚਾਰ ਕਰਨ ਵਾਸਤੇ ਭਲਕੇ 6 ਅਪ੍ਰੈਲ ਨੂੰ ਬੁਲਾਈ ਗਈ ਪੰਥਕ ਇਕੱਤਰਤਾ ਵਿੱਚ ਸਮੂਹ ਜਥੇਬੰਦੀਆਂ ਦੇ ਆਗੂਆਂ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ। ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਵੇਰੇ 11 ਵਜੇ ਆਰੰਭ ਹੋਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਮੁੱਚੀ ਅਹਿਮ ਤੇ ਸੰਜੀਦਾ ਪ੍ਰਤੀ ਸਮੁੱਚੀਆਂ ਨਾਲ ਵਿਚਾਰ ਕਰਕੇ ਕਾਇਮ ਕਰਨੀ ਆਖਿਆ ਕਿ ਸ੍ਰੀ ਜੀ ਸਿੱਖਾਂ ਦੇ ਜਾਗਤ ਪ੍ਰਤੀ ਬਣਾਏ ਜਾਣ



ਕੌਮ ਲਈ ਬੇਹੱਦ ਮਾਮਲਾ ਹੈ, ਜਿਸ ਸਿੱਖ ਜਥੇਬੰਦੀਆਂ ਸਾਂਝੀ ਪੰਥਕ ਰਾਇ ਜਰੂਰੀ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੋਤਿ ਗੁਰੂ ਹਨ ਜਿਸ ਵਾਲੇ ਕਾਨੂੰਨ ਦੇ ਵਿਸਤ੍ਰਿਤ ਪੱਖਾਂ ਉਪਰ ਵਿਆਪਕ ਚਰਚਾ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਰਿਸੇ ਮਨਸ਼ਾ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਬੈਠਕ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਇਕੱਤਰਤਾ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਦਮਦਮੀ ਟਕਸਾਲ, ਸਿੱਖ ਸੰਸਥਾਵਾਂ, ਸਿੱਖ ਵਿਦਵਾਨਾਂ, ਸਿੱਖ ਜੱਜਾਂ ਤੇ ਵਕੀਲਾਂ, ਸਿੱਖ ਮਿਸ਼ਨਰੀ ਕਾਲਜਾਂ, ਸਿੰਘ ਸਭਾਵਾਂ, ਸਿੱਖ ਫੈਡਰੇਸ਼ਨਾਂ, ਸਮੂਹ ਸਿੱਖ ਸੰਪਰਦਾਵਾਂ ਦੇ ਮੁਖੀਆਂ, ਨਿਰਮਲੇ, ਉਦਾਸੀ, ਸੇਵਾ ਪੰਥੀ ਤੇ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਸਮੇਤ ਪ੍ਰਮੁੱਖ ਸਿੱਖ ਜਥੇਬੰਦੀਆਂ ਨੂੰ ਸਦਾ ਪੱਤਰ ਭੇਜੇ ਜਾ ਚੁੱਕੇ ਹਨ।

# ਸਾਂਝੀਵਾਲਤਾ ਤੇ ਸਰਬੱਤ ਦਾ ਭਲਾ

ਮਨੁੱਖ ਦੀ ਪੱਧਰ 'ਤੇ ਹੋਣ ਵਾਲਾ ਅੰਦਰੂਨੀ ਤੇ ਬਾਹਰੀ ਸ਼ਖ਼ਸੀ-ਵਿਕਾਸ ਸੱਭਿਆਚਾਰ ਦੇ ਘੇਰੇ ਵਿਚ ਆਉਂਦਾ ਹੈ। ਰੋਜ਼ਾਨਾ ਜੀਵਨ ਦੀਆਂ ਵਿਹਾਰਕ ਕਿਰਿਆਵਾਂ ਭਾਵ ਰੀਤੀ-ਰਿਵਾਜ, ਵਿਸ਼ਵਾਸ, ਪਹਿਰਾਵੇ, ਖਾਣ-ਪੀਣ, ਰਹਿਣ-ਸਹਿਣ, ਕਦਰਾਂ-ਕੀਮਤਾਂ ਸੱਭਿਆਚਾਰ ਦੇ ਖੇਤਰ ਨਾਲ ਸੰਬੰਧਿਤ ਹਨ। ਗੁਰਮਤਿ ਸੱਭਿਆਚਾਰ ਨੇ ਮਾਨਵ-ਏਕਤਾ ਜਾਂ ਰੱਬੀ ਏਕਤਾ ਧਾਰਮਿਕ-ਕਿਰਿਆਵਾਂ ਦੀ ਇਕਸੁਰਤਾ ਤੇ ਇਕਸਾਰਤਾ, ਬਰਾਬਰਤਾ, ਸਾਂਝੀਵਾਲਤਾ ਪਰਉਪਕਾਰਤਾ, ਕਿਰਤ, ਨਾਮ ਜਪਣ, ਵੰਡ ਛਕਣ, ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੰਚ-ਪ੍ਰਧਾਨੀ ਪ੍ਰਣਾਲੀ ਆਦਿ ਸਿੱਖ ਧਰਮ ਮਾਨਵ-ਕਲਿਆਣ ਦਾ ਧਰਮ ਹੈ। ਇਸ ਦੇ ਪੈਰੋਕਾਰ ਤੇ ਹੋਰ ਬਾਣੀਕਾਰਾਂ ਤੇ ਵਿਆਖਿਆਕਾਰਾਂ ਨੇ ਸਿੱਖ ਧਰਮ ਦੇ ਬੁਨਿਆਦੀ ਨਿਯਮਾਂ ਵਿਚ ਸਾਂਝੀਵਾਲਤਾ ਦੇ ਸਿਧਾਂਤ ਨੂੰ ਮਹੱਤਤਾ ਦਿੱਤੀ ਹੈ। ਗੁਰੂ ਦੇ ਇਕ ਸੱਚੇ-ਸੁੱਚੇ ਸਿੱਖ ਦੀਆਂ ਨਜ਼ਰਾਂ ਵਿਚ ਸਾਰਾ ਸੰਸਾਰ ਇਕ ਸਮਾਨ ਹੈ। ਉਹ ਸਾਰੇ ਸੰਸਾਰ ਅੰਦਰ ਪ੍ਰਭੂ ਦੀ ਜੋਤ ਪਸਰੀ ਦੇਖਦਾ ਹੈ। ਹਰ ਇਕ ਵਿਅਕਤੀ ਨੂੰ 'ਹਰਿ ਕਾ ਰੂਪ ਕਹਿ ਕੇ ਪਿਆਰ ਕਰਦਾ ਹੈ, ਸਤਿਕਾਰ ਕਰਦਾ ਹੈ। ਸਿੱਖ ਧਰਮ ਦਾ ਰੱਬ ਸਾਰੇ ਸੰਸਾਰ ਦਾ ਰੱਬ ਹੈ।

ਸਿੱਖ ਧਰਮ ਦਾ ਗੁਰੂ ਸਾਰਿਆਂ ਦਾ ਸਾਂਝਾ ਭਲਾ ਮਨਾਉਂਦਾ ਹੈ। ਸਿੱਖ ਧਰਮ ਦੇ ਧਰਮ-ਅਸਥਾਨ ਸਾਂਝੇ ਹਨ, ਧਰਮ-ਗ੍ਰੰਥ ਸਾਂਝਾ ਹੈ, ਸਮਾਜ ਇਕ ਸਾਂਝਾ ਸਮਾਜ ਹੈ। ਸਿੱਖ ਸਵੇਰੇ-ਸ਼ਾਮ ਅਰਦਾਸ ਵਿਚ ਸੰਸਾਰ ਦੇ ਸਾਰੇ ਲੋਕਾਂ ਲਈ ਭਲਾ ਮੰਗਦਾ ਹੈ। ਸਾਂਝੀਵਾਲਤਾ ਦਾ ਸਾਧਾਰਨ ਅਰਥ ਤਾਂ ਇਹੀ ਲਿਆ ਜਾਂਦਾ ਹੈ ਕਿ ਸਾਰੇ ਲੋਕ ਬਰਾਬਰ ਹਨ। ਕੋਈ ਉੱਚਾ ਤੇ ਕੋਈ ਨੀਵਾਂ ਨਹੀਂ ਹੈ। ਪਰੰਤੂ ਇਹ ਅਰਥ ਕਈ ਵਾਰੀ ਸਿਧਾਂਤ ਰੂਪ ਵਿਚ ਹੀ ਦੇਖਣ ਨੂੰ ਆਉਂਦਾ ਹੈ। ਅਸੀਂ ਕਹਿੰਦੇ ਤਾਂ 'ਹਾਂ' ਪਰੰਤੂ ਅਮਲ ਨਹੀਂ ਕਰਦੇ। ਗੁਰੂ ਜੀ ਨੇ ਇਸ ਸਿਧਾਂਤ ਨੂੰ ਇਸ ਪ੍ਰਕਾਰ ਅਮਲ ਵਿਚ ਲਿਆ ਕੇ ਦਰਸਾਇਆ ਹੈ:ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ ਗੁਰਮਤਿ ਦੀ ਵਿਚਾਰਧਾਰਾ ਵਿਚ ਸਿਧਾਂਤ ਪਹਿਲਾਂ ਅਮਲ ਵਿਚ ਲਿਆਂਦਾ ਜਾਂਦਾ ਹੈ, ਜਿਸ ਤੋਂ ਸਿਧਾਂਤ ਆਪਣੇ ਆਪ ਪ੍ਰਗਟ ਹੁੰਦਾ ਹੈ ਜਿਵੇਂ ਗੁਰੂ-ਸੰਗਤ ਵਿਚ ਹਰ ਵਿਅਕਤੀ ਜਾਤ-ਪਾਤ, ਊਚ-ਨੀਚ ਤੇ ਗਰੀਬ-ਅਮੀਰ ਦੇ ਵਿਤਕਰੇ ਤੋਂ ਬਿਨਾਂ ਬੈਠ ਸਕਦਾ ਹੈ।

ਸੰਗਤ ਦਾ ਇਹ ਰੂਪ ਅਮਲੀ ਰੂਪ ਹੈ, ਇਸ ਲਈ ਕਿਸੇ ਪ੍ਰਕਾਰਦੇ ਸਿਧਾਂਤ ਜਾਂ ਖਿਆਲ ਨੂੰ ਬਰੁਤਾ ਥਿਊਰੀ ਰੂਪ ਵਿਚ ਦਰਸਾਉਣ ਤੇ ਪ੍ਰਗਟਾਉਣ ਦੀ ਲੋੜ ਨਹੀਂ ਹੈ। ਗੁਰੂ ਜੀ ਨੇ ਜਾਤ-ਪਾਤ ਦੀ ਕਾਣੀ ਵੰਡ ਨਾਲੋਂ ਕਰਮ-ਸਿਧਾਂਤ ਨੂੰ ਪ੍ਰਮੁੱਖਤਾ ਦਿੱਤੀ ਹੈ। ਜਿਹੜਾ ਵਿਅਕਤੀ ਚੰਗੇ ਕਰਮ ਕਰਦਾ ਹੈ, ਉਹ ਚੰਗਾ ਹੈ ਜਿਹੜਾ ਭੈੜਾ ਕਰਮ ਕਰਦਾ ਹੈ, ਉਹ ਨੀਚ ਤੇ ਮਾੜਾ ਹੈ:ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ - ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ਜਾਤ-ਪਾਤ ਦੀ ਕਾਣੀ ਵੰਡ ਮਨੁੱਖ ਦੀ ਆਪਣੀ ਬਣਾਈ ਹੋਈ ਹੈ, ਪ੍ਰਭੂ ਦੇ ਦਰ ਉੱਤੇ ਕੋਈ ਜਾਤ ਨਹੀਂ। ਇੱਕੋ ਪ੍ਰਭੂ ਸਾਡਾ ਸਾਰਿਆਂ ਦਾ ਪਿਤਾ ਹੈ। ਮਾਲਕ ਹੈ। ਪਾਲਣ-ਪੋਸ਼ਣ ਵਾਲਾ ਹੈ। ਮਾੜਿਆਂ ਨੂੰ ਸਜ਼ਾਵਾਂ ਵੀ ਉਹੀ ਦਿੰਦਾ ਹੈ। ਉਹ ਇਨਸਾਫ਼ ਕਰਨ ਵਾਲਾ ਹੈ।

ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਅਜਿਹੇ ਸਰਬ- ਸਮਰੱਥ ਸਰਬ-ਸਾਂਝੇ ਪਰਮਾਤਮਾ ਨੂੰ ਹੀ ਯਾਦ ਕੀਤਾ ਜਾਵੇ ਭਾਵ ਸਿਮਰਿਆ ਜਾਵੇ:-

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਮਨੁੱਖ ਦੇ ਮਨ ਅੰਦਰ ਦੁਈ-ਦਵੈਤ ਉਦੋਂ ਹੀ ਪੈਦਾ ਹੁੰਦੀ ਹੈ, ਜਦੋਂ ਉਸ ਦੇ ਮਨ ਅੰਦਰ ਮੇਰ-ਤੇਰ ਭਾਵ 'ਇਹ ਮੇਰਾ ਹੈ, ਇਹ ਤੇਰਾ ਹੈ ਦੀ ਭਾਵਨਾ ਉਤਪੰਨ ਹੁੰਦੀ ਹੈ। ਮੈਂ-ਮੇਰੀ ਦੀ ਭਾਵਨਾ ਹੀ ਬੰਧਨ ਦਾ ਕਾਰਨ ਬਣਦੀ ਹੈ, ਹਉਮੈ ਕਰਕੇ ਹੀ ਇਨਸਾਨ ਮੈਂ-ਮੇਰੀ ਦਾ ਸ਼ਿਕਾਰ ਹੁੰਦਾ ਹੈ। ਪ੍ਰਭੂ-ਹੁਕਮ ਦੇ ਬੁੱਝਣ ਨਾਲ ਹਉਮੈ ਦਾ ਵਿਨਾਸ਼ ਹੋ ਜਾਂਦਾ ਹੈ। ਗੁਰੂ ਦੇ ਹੁਕਮ ਨੂੰ ਪਛਾਣਨ ਉਪਰੰਤ ਮਨੁੱਖ ਦੇ ਮਨ ਅੰਦਰ ਆਪਣੇ ਤੇ ਪਰਾਏ ਦਾ ਵਿਤਕਰਾ ਖ਼ਤਮ ਹੋ ਜਾਂਦਾ ਹੈ। ਫਿਰ ਕੋਈ ਦੁਸ਼ਮਣ ਤੇ ਦੋਖੀ ਨਹੀਂ ਦਿੱਸਦਾ। ਸਿੱਖ, ਸੇਵਕ ਖਸਮ ਦਾ ਬੰਦਾ ਬਣ ਜਾਂਦਾ ਹੈ:

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ॥

ਸਾਂਝੀਵਾਲਤਾ ਦਾ ਪ੍ਰੇਰਨਾ-ਸ੍ਰੋਤ ਗੁਰੂ ਹੈ। ਗੁਰੂ ਸਾਰਿਆਂ ਦਾ ਭਲਾ ਮਨਾਉਂਦਾ ਹੈ। ਇਸ ਲਈ ਉਸ ਦਾ ਬੁਰਾ ਨਹੀਂ ਹੁੰਦਾ। ਗੁਰੂ ਦਾ ਸ਼ਬਦ ਸਰਬ-ਸਾਂਝਾ ਹੈ। ਸਾਰੇ ਸੰਸਾਰ ਦੇ ਆਤਮਿਕ ਤੇ ਦੁਨਿਆਵੀ ਕਲਿਆਣ ਵਾਸਤੇ ਹੈ। ਗੁਰੂ ਦੀ ਬਾਣੀ ਸੰਸਾਰ ਦੇ ਸਾਰੇ ਜੀਵਾਂ ਦੇ ਕਲਿਆਣ ਲਈ ਹੈ:ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥ ਗੁਰਮਤਿ ਦਾ ਅਕਾਲ ਪੁਰਖ ਇੱਕ ਹੈ ਸਭ ਦਾ ਸਾਂਝਾ ਹੈ। ਅਕਾਲ ਪੁਰਖ ਲਈ ਸਭ ਸਾਂਝੇ ਭਾਵ ਬਰਾਬਰ ਇੱਕੋ ਜਿਹੇ ਹਨ। ਉਹ ਸਾਰਿਆਂ ਵਿਚ ਜੋਤ ਰੂਪ ਵਿਚ ਬਿਰਾਜਮਾਨ ਹੈ। ਸਾਰੇ ਉਸ ਦਾ ਹੀ ਆਸਰਾ ਤੱਕਦੇ ਹਨ। ਉਹ ਸਾਰਿਆਂ ਦਾ ਪ੍ਰਤਿਪਾਲਕ ਬਾਪ ਹੈ, ਉਸ ਦੀ ਸੰਤਾਨ ਅਸੀਂ ਸਾਰੇ ਹਾਂ ਉਸ ਦੇ ਦਰ 'ਤੇ ਸਾਂਝੀਵਾਲਤਾਵਾਲਾ ਵਰਤਾਓ ਹੁੰਦਾ ਹੈ:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਗੁਰੂ ਸਾਹਿਬ ਨੇ ਸਾਂਝੀਵਾਲਤਾ ਦਾ ਕੇਵਲ ਸਿਧਾਂਤਕ ਪ੍ਰਗਟਾਵਾ ਹੀ ਨਹੀਂ ਕੀਤਾ, ਸਗੋਂ ਆਪ ਨੇ ਸਭ ਨੂੰ ਬਰਾਬਰ ਦਾ ਵਰਤਾਓ ਕੀਤਾ, ਸਮਾਜ ਵਿਚ ਲਿਤਾੜੇ ਤੇ ਪਛਾੜੇ ਹੋਏ ਲੋਕਾਂ ਨੂੰ ਗਲੇ ਲਗਾਇਆ। ਗੁਰੂ ਜੀ ਨੇ ਹੰਕਾਰੀ ਤੇ ਕਥਿਤ ਅਮੀਰ ਲੋਕਾਂ ਨੂੰ ਸਵੀਕਾਰ ਨਹੀਂ ਕੀਤਾ। ਅਮੀਰਾਂ ਤੇ ਹੰਕਾਰਿਆਂ ਨੂੰ ਨਿਮਰਤਾ ਭਾਵ ਨਾਲ ਸਭ ਨਾਲ ਭਰਾਤਰੀ-ਭਾਵ ਨਾਲ ਵਰਤਾਓ ਕਰਨ ਦਾ ਉਪਦੇਸ਼ ਦਿੱਤਾ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰਮਤਿ ਦੀ ਕਸਵੱਟੀ ਉੱਪਰ ਪਰਖੀ ਤੇ ਖਰੀ ਉਤਰੀ ਹਰ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੱਤੀ। ਬਾਣੀ ਦੀ ਸੰਪਾਦਨਾ ਵੇਲੇ ਸਭ ਭਗਤ ਸਾਹਿਬਾਨ ਜਿਨ੍ਹਾਂ ਦੀ ਜਾਤ, ਕਿੱਤਾ, ਖਿੱਤਾ ਭਾਵੇਂ ਕੋਈ ਸੀ ਨਹੀਂ ਵਿਚਾਰਿਆ ਗਿਆ। ਸਭ ਭਗਤ ਸਾਹਿਬਾਨ ਨੂੰ ਇਕ ਸਾਂਝੇ ਥਾਂ ਉੱਤੇ ਇਕੱਤਰ ਕਰ ਦਿੱਤਾ, ਜਿਹੜਾ ਕਿ ਭਾਰਤੀ ਧਾਰਮਿਕ ਪਰੰਪਰਾ ਵਿਚ ਬਿਲਕੁਲ ਨਹੀਂ ਸੀ । ਇਹ ਕਦਮ ਸਾਂਝੀਵਾਲਤਾ ਦੀ ਇਕ ਅਦੁੱਤੀ ਮਿਸਾਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਹਿੰਦੂ, ਮੁਲਸਮਾਨ ਅਤੇ ਸਮਕਾਲੀ ਸਮਾਜ ਵਿਚ ਕਥਿਤ ਨੀਚ ਜਾਤੀ ਦੇ ਲੋਕਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ। ਉਨ੍ਹਾਂ ਭਗਤ ਸਾਹਿਬਾਨ ਦੀ ਰਚਨਾ ਨੂੰ ਸਤਿਕਾਰ ਦਿੱਤਾ, ਜਿਨ੍ਹਾਂ ਨੂੰ ਸਮਾਜ ਵਿਚ ਕੋਈ ਲਾਗੇ ਨਹੀਂ ਸੀ ਲੱਗਣ ਦਿੰਦਾ, ਛੂਤ ਕਹਿ ਕੇ ਫਿਟਕਾਰ ਦਿੱਤਾ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਇਕ ਐਸੀ ਸਾਂਝੀਵਾਲਤਾ ਦੀ ਅਦੁੱਤੀ ਅਤੇ ਅਮਰ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ ਜਿਹੜੀ ਸੰਸਾਰ ਵਿਚ ਹੋਰ ਕਿਤੇ ਨਹੀਂ ਮਿਲਦੀ।ਗੁਰਬਾਣੀ ਅੰਦਰ ਸੇਵਕ, ਸਿੱਖ, ਸੰਤ, ਸਾਧ ਦੇ ਨਾਮ ਆਉਂਦੇ ਹਨ। ਇਹ ਸਾਰੇ ਹੀ ਇਕ ਆਦਰਸ਼ਕ ਦੈਵੀ ਮਾਨਵ ਦੇ ਪ੍ਰਤੀਕ ਹਨ। ਇਨ੍ਹਾਂ ਦੇ ਜੀਵਨ ਵਿਚ ਉਦਾਰਤਾ, ਵਿਸ਼ਾਲਤਾ ਉੱਚ ਦਰਜੇ ਦੀ ਸੀ, ਇਨ੍ਹਾਂ ਮਹਾਂਪੁਰਸ਼ਾਂ ਨੇ ਸਾਰੇ ਸੰਸਾਰ ਦੇ ਜੀਵਾਂ ਅੰਦਰ ਪ੍ਰਭੂ ਜੋਤ ਨੂੰ ਦੇਖਿਆ ਤੇ ਸਤਿਕਾਰਿਆ। ਸੰਤਾਂ ਦੀ ਰਹਿਤ ਦੇ ਅੰਸ਼-ਮਾਤਰ ਵਰਣਨ ਕਰਦੇ ਰਹਿੰਦੇ ਹਨ ਕਿ ਸੰਤਾਂ ਦੀ ਮਹਿਮਾ ਦਾ ਕਥਨ ਨਹੀਂ ਹੋ ਸਕਦਾ। ਸੰਤਾਂ ਦਾ ਵਿਵਹਾਰ ਕੇਵਲ ਨਾਮ ਹੁੰਦਾ ਹੈ, ਪ੍ਰਭੂ ਦੀ ਜਸ-ਕੀਰਤੀ ਹੁੰਦੀ ਹੈ। ਮਿੱਤਰ ਤੇ ਸ਼ੱਤਰੂ ਉਨ੍ਹਾਂ ਲਈ ਇਕ ਸਮਾਨ ਹਨ:ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥... ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ ਦੂਸਰਾ ਮੁੱਖ ਰੂਪ ਵਿਚ ਨਾਂ ਬ੍ਰਹਮ-ਗਿਆਨੀ ਦਾ ਆਉਂਦਾ ਹੈ। ਬ੍ਰਹਮ-ਗਿਆਨੀ ਵੀ ਬ੍ਰਹਮ ਦਾ ਵੇਤਾ ਸਿੱਖੀ ਜੀਵਨ-ਆਦਰਸ਼ ਦਾ ਸਿਖਰ ਹੈ। ਉਹ ਬ੍ਰਹਮ ਵਾਂਗ ਸਮਦਰਸ਼ੀ ਹੁੰਦਾ ਹੈ। ਜਿਸ ਤਰ੍ਹਾਂ ਸੂਰਜ ਆਪਣੀ ਧੁੱਪ ਬਿਨਾਂ ਕਿਸੇ ਵਿਤਕਰੇ ਤੋਂ ਸਭ ਨੂੰ ਇੱਕੋ ਜਿਹੀ ਦਿੰਦਾ ਹੈ, ਇਸੇ ਤਰ੍ਹਾਂ ਬ੍ਰਹਮ-ਗਿਆਨੀ ਵੀ ਸਦਾ ਹੀ ਨਿਰਦੋਖ ਹੁੰਦਾ ਹੈ। ਉਸ ਦੀ ਦ੍ਰਿਸ਼ਟੀ ਇਕ ਸਮਾਨ ਹੁੰਦੀ ਹੈ। ਉਸ ਨੂੰ ਸਭ ਬਰਾਬਰ ਹੁੰਦੇ ਹਨ. ਮਿੱਤਰਾਂ ਤੇ ਦੁਸ਼ਮਣਾਂ ਦਾ ਉਸ ਨੂੰ ਵਖਰੇਵਾਂ ਨਹੀਂ ਹੁੰਦਾ। ਉਸ ਦੀ ਦ੍ਰਿਸ਼ਟੀ ਸਦਾ ਇਕਸਾਰ ਬਰਾਬਰ ਸਭ ਦਾ ਭਲਾ ਚਾਹੁਣ ਵਾਲੀ ਹੁੰਦੀ ਹੈ:ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥...ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥...ਬ੍ਰਹਮ ਗਿਆਨੀ ਸਦਾ ਸਮਦਰਸੀ॥ਗੁਰਮਤਿ ਅਨੁਸਾਰ ਸਾਂਝੀਵਾਲਤਾ ਦੀ ਭਾਵਨਾ ਸਾਧ-ਸੰਗਤ ਤੋਂ ਪ੍ਰਾਪਤ ਹੁੰਦੀ ਹੈ। ਸਾਧੂਆਂ ਮਹਾਂਪੁਰਸ਼ਾਂ ਦੀ ਸੰਗਤ ਨਾਲ ਮਨ ਵਿਚ ਦੁਈ-ਦਵੈਤ ਦਾ ਭਰਮ ਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਪ੍ਰਭੂ ਦੇ ਹੁਕਮ ਅੰਦਰ ਵਿਚਰਦਾ ਹੈ ਅਤੇ ਭਾਣਾ ਸਵੀਕਾਰ ਕਰਦਾ ਹੈ। ਉਹ ਸਾਰਿਆਂ ਜੀਵਾਂ ਅੰਦਰ ਇੱਕੋ ਪ੍ਰਭੂ ਦੀ ਜੋਤ ਹੀ ਦੇਖਦਾ ਹੈ। ਇਹ ਅਵਸਥਾ ਇਕ ਦਿਨ ਦਾ ਕੰਮ ਨਹੀਂ ਸਗੋਂ ਲਗਾਤਾਰ ਅਭਿਆਸ ਨਾਲ ਆਉਂਦੀ ਹੈ। ਰੋਜ਼ਾਨਾ ਸਤਿਸੰਗ ਕਰਨ ਨਾਲ ਅਵਗੁਣਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਸ਼ੁਭ-ਗੁਣਾਂ ਦਾ ਪ੍ਰਵੇਸ਼ ਮਨ ਵਿਚ ਹੋਣ ਲੱਗ ਪੈਂਦਾ ਹੈ। ਇਸ ਵਿਚਾਰ ਦਾ ਪ੍ਰਗਟਾਵਾ ਸ੍ਰੀ ਗੁਰੂ ਅਰਜਨ ਦੇਵ ਜੀ 'ਕਾਨੜਾ ਰਾਗੁ' ਵਿਚ ਬੜਾ ਸੁੰਦਰ ਕਰਦੇ ਹਨ:ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥ਪ੍ਰਭੂ ਨਾਮ-ਸਿਮਰਨ ਨਾਲ ਭੀ ਮਨੁੱਖ ਦੇ ਅੰਦਰ ਸਾਂਝੀਵਾਲਤਾ ਭਰਾਤਰੀ-ਭਾਵ ਉਤਪੰਨ ਹੁੰਦਾ ਹੈ। ਮਨੁੱਖ ਆਪਣੀ ਹਉਮੈ ਕਾਰਨ ਮੈਂ-ਮੇਰੀ ਦੇ ਪ੍ਰਭਾਵ ਹੇਠ ਇਸ ਖਿਆਲ ਨੂੰ ਭੁੱਲ ਜਾਂਦਾ ਹੈ ਕਿ ਪ੍ਰਭੂ ਸਭ ਹਿਰਦਿਆਂ ਅੰਦਰ ਹੈ :

ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਸਿੱਖ ਧਰਮ ਅਨੁਸਾਰ ਪ੍ਰਭੂ ਇੱਕ ਹੈ, ਕੇਵਲ ਇੱਕ। ਉਸ ਨੇ ਸੰਸਾਰ ਦੀ ਸਾਜਨਾ ਕੀਤੀ ਹੈ, ਉਹ ਇਸ ਦੀ ਸਾਰ ਲੈਂਦਾ ਹੈ। ਉਹ ਸਾਜਨਾ ਕਰ ਕੇ ਕਿਤੇ ਅਲੱਗ ਨਹੀਂ ਬੈਠਾ। ਉਹ ਜੋਤਿ ਰੂਪ ਵਿਚ ਹਰ ਥਾਂ ਵਿਆਪਕ ਹੈ। ਉਸ ਦਾ ਕਿਸੇ ਖਾਸ ਫ਼ਿਰਕੇ, ਨਸਲ, ਦੇਸ਼, ਕੌਮ ਨਾਲ ਕੋਈ ਉਚੇਰਾ ਸੰਬੰਧ ਨਹੀਂ। ਉਸ ਦੀ ਜੋਤ ਸਦਾ ਇਕ-ਰਸ ਰਹਿੰਦੀ ਹੈ। ਪ੍ਰਭੂ ਸਭ ਦਾ ਹੈ ਅਤੇ ਸਾਰੇ ਉਸ ਦੇ ਹਨ। ਦਸਮ ਪਾਤਸ਼ਾਹ੍ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :

ਜ਼ਿਮੀ ਜਮਾਂ ਕੇ ਬਿਖੈ ਸਮਸਤ ਏਕ ਜੋਤਿ ਹੈ॥
ਨਾ ਬਾਦ ਹੈ ਨ ਘਾਟ ਹੈ ਨਾ ਬਾਦ ਘਾਟ ਹੋਤ ਹੈ॥
(ਅਕਾਲ ਉਸਤਤਿ)

ਇਲਾਵਾ ਉਸ ਦੇ ਸਰਗੁਣ ਗੁਰਮਤਿ ਨੇ ਪ੍ਰਭੂ ਏਕਤਾ ਦੇ ਨਿਰਗੁਣ ਸਰੂਪ ਤੋਂ ਨਾਵਾਂ ਵਿਚ ਵੀ ਇਕਸਾਰਤਾ ਤੇ ਸਾਂਝੀਵਾਲਤਾ ਦਾ ਵਿਚਾਰ ਦਰਸਾਇਆ ਹੈ। ਗੁਰੂ ਜੀ ਉਸ ਦੇ ਸਾਰੇ ਨਾਵਾਂ ਉੱਤੇ ਬਲਿਹਾਰ ਜਾਂਦੇ ਹਨ, ਜਦੋਂ ਸਾਧਕ ਦੇ ਮਨ ਅੰਦਰੋਂ ਭਰਮ ਦਾ ਨਾਸ਼ ਹੋ ਜਾਂਦਾ ਹੈ ਤਾਂ ਉਹ ਅਲਾਹ ਤੇ ਪਾਰਬ੍ਰਹਮ ਨੂੰ ਇੱਕੋ ਹੀ ਸਮਝ ਕੇ ਸਤਿਕਾਰ ਦਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥

ਗੁਰੂ ਦਾ ਸ਼ਬਦ ਵੀ ਸਰਬ-ਸਾਂਝੀਵਾਲਤਾ ਵਾਲਾ ਉਪਦੇਸ਼ ਦਿੰਦਾ ਹੈ। ਗੁਰੂ ਦਾ ਸ਼ਬਦ ਸਰਬ-ਵਿਆਪਕ ਹੈ। ਗਰੀਬ ਅਮੀਰ ਨੂੰ ਇੱਕੋ ਜਿਹਾ ਹੀ ਹੱਕ ਹੈ, ਇਕ ਅੰਮ੍ਰਿਤਮਈ ਬਾਣੀ ਨੂੰ ਪੜ੍ਹੇ, ਸੁਣੇ ਅਤੇ ਜੀਵਨ ਵਿਚ ਅਪਣਾਏ। ਸ਼ਬਦ ਨੂੰ ਪੜ੍ਹਨ-ਸੁਣਨ ਦਾ ਅਧਿਕਾਰ ਕੇਵਲ ਕਿਸੇ ਖਾਸ ਕਥਿਤ ਉੱਚ ਜਾਤੀ ਨੂੰ ਹੀ ਨਹੀਂ ਹੈ। ਸ਼ਬਦ ਗੁਰੂ ਤੇ ਪੀਰ ਦਾ ਦਰਜਾ ਰੱਖਦਾ ਹੈ। ਸ਼ਬਦ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦਾ ਸਾਂਝਾ ਹੈ। ਇਸ ਦੀ ਅਰਾਧਨਾ ਤੋਂ ਬਿਨਾਂ ਸਾਰਾ ਜਗਤ ਕਮਲਾ ਹੋਇਆ ਫਿਰਦਾ ਹੈ:

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥

ਅਸੀਂ ਪਹਿਲਾਂ ਗੁਰੂ ਸਾਹਿਬਾਨ ਦੁਆਰਾ ਸੰਪਾਦਤ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਾਂਝੀਵਾਲਤਾ ਦਾ ਜ਼ਿਕਰ ਕਰ ਆਏ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਸਿੱਖ ਧਰਮ ਦੇ ਗੁਰਦੁਆਰਾ ਸਾਹਿਬਾਨ ਅੰਦਰ ਹੁੰਦੀ ਹੈ। ਇਸ ਦੀ ਪੂਜਾ ਅਤੇ ਪਾਠ ਵੀ ਹਰ ਇਕ ਸਿੱਖ ਲਈ ਸਾਂਝਾ ਹੈ, ਸਿੱਖ ਮਰਯਾਦਾ ਅਨੁਸਾਰ ਹਰ ਇਕ ਵਿਅਕਤੀ ਬਿਨਾਂ ਕਿਸੇ ਜਾਤੀ ਭਿੰਨ-ਭੇਦ ਤੋਂ ਸਿੱਖ ਗੁਰਦੁਆਰਾ ਸਾਹਿਬਾਨ ਅੰਦਰ ਜਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ-ਪੱਥਰ ਰਖਵਾਉਣ ਲਈ ਅਲਾਹ ਦੇ ਪਿਆਰੇ ਭਗਤ ਸਾਈਂ ਮੀਆਂ ਮੀਰ ਜੀ ਨੂੰ ਬੁਲਾਇਆ। ਇਸ ਤੋਂ ਵੱਡੀ ਹੋਰ ਕੀ ਸਾਂਝੀਵਾਲਤਾ ਹੋ ਸਕਦੀ ਹੈ ਕਿ ਸਿੱਖ ਧਰਮ ਮੰਦਰ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਦੇ ਹੱਥੋਂ ਰਖਵਾਈ? ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਵੀ ਇਸ ਵਿਸ਼ਵ ਭਰਾਤਰੀ-ਭਾਵ ਦੇ ਪ੍ਰਤੀਕ ਹਨ ਕਿ ਇਸ ਅੰਦਰ ਲੋਕ ਚੌਹਾਂ ਪਾਸਿਆਂ ਭਾਵ ਚਹੁੰ ਦਿਸ਼ਾਵਾਂ ਤੋਂ ਆ ਸਕਦੇ ਹਨ।ਗੁਰਦੁਆਰਾ ਸਾਹਿਬਾਨ ਦੇ ਅੰਦਰ ਸੰਗਤ ਵਿਚ ਵੀ ਬੈਠਣ ਲਈ ਕੋਈ ਭਿੰਨ-ਭੇਦ ਨਹੀਂ ਹੁੰਦਾ। ਕੋਈ ਵਿਅਕਤੀ ਕਿਤੇ ਵੀ ਸੰਗਤ ਅੰਦਰ ਬੈਠ ਸਕਦਾ ਹੈ ਅਤੇ ਰੱਬੀ ਬਾਣੀ, ਰੱਬੀ ਕੀਰਤਨ, ਕਥਾ, ਪ੍ਰਭੂ-ਜੱਸ ਸੁਣ ਸਕਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਜਾਤ-ਪਾਤ, ਛੂਤ-ਛਾਤ ਦਾ ਵਿਤਕਰਾ ਇਕ ਵੱਡੀ ਸਮੱਸਿਆ ਸੀ, ਰੱਬੀ ਬਾਣੀ ਜੋ ਰੱਬੀ ਭਾਸ਼ਾ ਵਿਚ ਲਿਖੀ ਗਈ ਮੰਨੀ ਜਾਂਦੀ ਸੀ, ਸਮਾਜ ਦੇ ਸਭ ਲੋਕਾਂ ਨੂੰ ਇਕ ਸਾਥ ਬੈਠ ਕੇ ਸੁਣਨ ਦਾ ਅਧਿਕਾਰ ਨਹੀਂ ਸੀ। ਬਿਲਕੁਲ ਕਿਤੇ ਵੀ ਇਕਸਾਥ ਬੈਠ ਕੇ ਸੁਣਨ ਦਾ ਅਧਿਕਾਰ ਨਹੀਂ ਸੀ, ਇਹ ਅਧਿਕਾਰ ਕੇਵਲ ਗੁਰੂ ਸਾਹਿਬਾਨ ਨੇ ਦਿੱਤਾ ਅਤੇ ਸਭ ਨੂੰ ਆਪਣੇ ਜੀਵਨ ਦਾ ਕਲਿਆਣ ਕਰਨ ਦਾ ਮੌਕਾ ਬਖ਼ਸ਼ਿਆ: ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖੀ। ਇਸ ਵਿਚ ਨਾਮ ਸਿਮਰਨ, ਕਿਰਤ ਕਰਨ, ਵੰਡ ਛਕਣ ਦੇ ਤਿੰਨ ਬੁਨਿਆਦੀ ਅਸੂਲਾਂ ਨੂੰ ਸਥਾਪਤ ਕੀਤਾ। ਇਹ ਤਿੰਨ ਸਿੱਖੀ ਮਹੱਲ ਦੇ ਥੰਮ੍ਹ ਹਨ। ਇਹ ਤਿੰਨ ਅਸੂਲ ਮਨੁੱਖੀ ਜੀਵਨ ਆਦਰਸ਼ ਦੀ ਪੂਰਨਤਾ ਦਾ ਰਾਜ਼ ਹਨ। ਇਨ੍ਹਾਂ ਨੂੰ ਅਮਲ ਵਿਚ ਲਿਆਉਣ ਨਾਲ ਸਮਾਜ, ਦੇਸ਼, ਕੌਮ ਅੰਦਰ ਸਾਂਝੀਵਾਲਤਾ ਦਾ ਵਾਤਾਵਰਨ ਪੈਦਾ ਹੋ ਸਕਦਾ ਹੈ। ਗੁਰਮਤਿ ਅੰਦਰ ਵਰਨ-ਵੰਡ ਨਹੀਂ ਹੈ, ਸਮਕਾਲੀ ਸਮਾਜ ਵਿਚ ਵਰਨ-ਵੰਡ ਤੇ ਕਿੱਤੇ ਦੀ ਵੰਡ ਕੀਤੀ ਗਈ ਸੀ। ਇਹ ਸਮਝਿਆ ਜਾਂਦਾ ਸੀ ਕਿ ਹਰ ਵਰਨ ਦੇ ਲੋਕਾਂ ਦਾ ਆਪਣੀ ਵੰਡ ਅਨੁਸਾਰ ਸੌਂਪੇ ਗਏ ਕਰਮ ਨੂੰ ਕਰਨਾ ਹੀ ਉਨ੍ਹਾਂ ਦਾ ਧਰਮ ਹੈ ਜਦ ਕਿ ਗੁਰਮਤਿ ਅੰਦਰ ਐਸਾ ਨਹੀਂ ਹੈ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰਦਾ ਹੈ ਅਤੇ ਉਹ ਦੇਸ਼-ਕੌਮ ਤੇ ਧਰਮ ਦੀ ਰਖਿਆ ਲਈ ਜੂਝਣ ਵਾਲਾ ਸੂਰਮਾ ਹੈ। ਵਣਜ ਵਪਾਰ ਤੇ ਹੋਰ ਕਿੱਤਿਆਂ ਦੇ ਕਰਨ ਦੀ ਡਿਊਟੀ ਕਰਦਾ ਹੈ ਅਤੇ ਸੰਗਤ ਦੇ ਜੋੜੇ ਝਾੜਨੇ, ਗੁਰਦੁਆਰਾ ਸਾਹਿਬਾਨ ਅੰਦਰ ਝਾੜੂ ਦੇਣਾ, ਬਰਤਨਾਂ ਦੀ ਸੇਵਾ ਕਰਨ ਦੀ ਡਿਊਟੀ ਕਰਦਾ ਹੈ ਜਦ ਕਿ ਉਹ ਨਾ ਤਾਂ ਸੁੰਦਰ ਹੁੰਦਾ ਹੈ ਤੇ ਨਾ ਹੀ ਹੋਰ ਵਰਨਾਂ ਅਨੁਸਾਰ ਖੱਤਰੀ, ਬ੍ਰਾਹਮਣ ਤੇ ਵੈਸ਼। ਉਹ ਤਾਂ ਕੇਵਲ ਸਿੱਖ ਹੁੰਦਾ ਹੈ। ਕਹਿਣ ਤੋਂ ਇਥੇ ਭਾਵ ਇਹ ਹੈ ਕਿ ਗੁਰਮਤਿ ਅਨੁਸਾਰ ਸਿੱਖ ਦੀ ਕੋਈ ਜਾਤ ਨਹੀਂ, ਵਰਨ ਨਹੀਂ। ਉਹ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਵਿਚ ਕਿਸੇ ਆਸ਼ਰਮ ਨੂੰ ਅਪਣਾ ਕੇ ਦੁਜਿਆਂ ਨੂੰ ਛੱਡਦਾ ਨਹੀਂ। ਸਿੱਖ ਧਰਮ ਅਨੁਸਾਰ ਉਮਰ ਦੀ ਵੰਡ ਬ੍ਰਹਮਚਾਰੀ, ਗ੍ਰਿਹਸਤ, ਬਾਨ-ਪ੍ਰਸਤ ਅਤੇ ਸੰਨਿਆਸ ਅਨੁਸਾਰ ਨਹੀਂ ਹੁੰਦੀ। ਉਸ ਨੂੰ ਸ਼ੁਰੂ ਤੋਂ ਹੀ ਸਾਰੇ ਕਰਮ ਇਕਠੇ ਰੋਜ਼ਾਨਾ ਜ਼ਿੰਦਗੀ ਵਿਚ ਕਰਨ ਦਾ ਉਪਦੇਸ਼ ਹੈ। ਐਸਾ ਨਹੀਂ ਕਿ ਉਹ ਇਕ ਸੌ ਸਾਲ ਦੀ ਜ਼ਿੰਦਗੀ ਮੰਨ ਕੇ ਪਹਿਲੇ ਪੰਝੀ ਵਰ੍ਹੇ ਕੇਵਲ ਬ੍ਰਹਮਚਾਰੀ ਰਹੇ ਤੇ ਫਿਰ ਗ੍ਰਿਹਸਤ, ਤੀਸਰੇ ਹਿੱਸੇ ਅੰਦਰ ਭਾਵ ਪਤਰ ਸਾਲ ਦੀ ਉਮਰ ਤਕ ਬਾਨ-ਪ੍ਰਸਤ ਤੇ ਅੰਤ ਨੂੰ ਸੰਨਿਆਸ ਧਾਰਨ ਕਰ ਕੇ ਘਰ-ਬਾਰ ਦਾ ਤਿਆਗ ਕਰ ਦੇਵੇ। ਸਿੱਖ ਇੱਕੋ ਸਮੇਂ ਚਹੁੰ ਵਰਨ-ਆਸ਼ਰਮਾਂ ਵਿਚ ਬਰਾਬਰ ਵਿਚਰਦਾ ਹੈ।ਸਿੱਖ ਜਿੱਥੇ ਆਪਣੇ ਭਲੇ ਲਈ ਸਵੇਰੇ-ਸ਼ਾਮ ਅਰਦਾਸ ਕਰਦਾ ਹੈ, ਉਥੇ ਸਰਬੱਤ ਦੇ ਭਲੇ ਲਈ ਵੀ ਪ੍ਰਭੂ ਤੋਂ ਸਵੇਰੇ-ਸ਼ਾਮ ਇਹੀ ਮੰਗਦਾ ਹੈ ਕਿ ਨਾਮ ਜਪਣ ਵਾਲਿਆਂ ਦੀ ਚੜ੍ਹਦੀ ਕਲਾ ਹੋਵੇ ਅਤੇ ਪ੍ਰਭੂ ਤੇਰੇ ਭਾਣੇ ਅੰਦਰ ਸਰਬੱਤ ਦਾ ਭਲਾ ਹੋਵੇ। ਸਭ ਜੀਵਾਂ ਲਈ ਸੁਖ-ਸ਼ਾਂਤੀ ਤੇ ਖੈਰ ਮੰਗਣੀ ਸਰਬ-ਸਾਂਝੀਵਾਲਤਾ ਦਾ ਇਕ ਉੱਚਾ ਤੇ ਸੁੱਚਾ ਨਮੂਨਾ ਹੈ ਅਤੇ ਸਾਂਝੀਵਾਲਤਾ ਦਾ ਸਿਖਰ ਹੈ। ਆਪਣੇ ਆਪ ਤੋਂ ਉੱਚਾ ਉੱਠ ਕੇ ਦੂਸਰਿਆਂ ਪ੍ਰੀਤ ਭਲਾ ਚਾਹੁਣ ਇਕ ਸੱਚੇ-ਸੁੱਚੇ ਮਨੁੱਖ ਦਾ ਹੀ ਕਰਤੱਵ ਹੈ :ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

**-ਡਾ. ਸ਼ਮਸ਼ੇਰ ਸਿੰਘ**

# ਇਕ ਸਮਰਪਿਤ ਸਿੱਖ ਪ੍ਰਚਾਰਕ: ਗਿਆਨੀ ਦਿੱਤ ਸਿੰਘ ਜੀ



ਆਧੁਨਿਕ ਯੁੱਗ ਦੇ ਨਾਮਵਰ ਅਤੇ ਉੱਚ ਕੋਟੀ ਦੇ ਸਿੱਖ ਵਿਦਵਾਨਾਂ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਭਾਈ ਸਾਹਿਬ ਸ. ਕਪੂਰ ਸਿੰਘ ਦੇ ਨਾਲ ਗਿਆਨੀ ਦਿੱਤ ਸਿੰਘ ਜੀ ਦਾ ਨਾਂ ਵੀ ਵੱਡੇ ਸਤਿਕਾਰ ਨਾਲ ਲਿਆ ਜਾਂਦਾ ਹੈ। ਬਹੁਪੱਖੀ ਪ੍ਰਤਿਭਾ ਦੇ ਮਾਲਕ ਗਿਆਨੀ ਦਿੱਤ ਸਿੰਘ ਬੜੇ ਚੁੰਬਕੀ ਪ੍ਰਭਾਵ ਵਾਲੇ ਸਿੱਖ ਚਿੰਤਕ, ਵਕਤਾ. ਪ੍ਰਵਚਨਕਾਰ ਅਤੇ ਪ੍ਰਚਾਰਕ ਸਨ । ਉਨ੍ਹਾਂ ਦਾ ਨਿਆਰਾ ਦਰਸ਼ਨੀ ਸਿੱਖ ਵਿਅਕਤਿੱਤਵ ਦੇਖਣ ਅਤੇ ਸੁਣਨ ਵਾਲਿਆਂ ਨੂੰ ਥਾਂਏ ਕੀਲ ਲੈਣ ਦੀ ਸਮਰੱਥਾ ਰੱਖਦਾ ਸੀ।ਗਿਆਨੀ ਦਿੱਤ ਸਿੰਘ ਜੀ ਦੀ ਅਜ਼ੀਮ ਸ਼ਖ਼ਸੀਅਤ ਦੀਆਂ ਅਨੇਕਾਂ ਪਰਤਾਂ ਸਨ। ਉਨ੍ਹਾਂ ਦੀ ਬਹੁਰੰਗੀ ਪ੍ਰਤਿਭਾ ਅਤੇ ਸਿੱਖੀ ਨੂੰ ਵੱਡੀ ਦੇਣ ਨੂੰ ਵੇਖਦਿਆਂ ਇਵੇਂ ਜਾਪਦਾ ਹੈ ਜਿਵੇਂ ਉਹ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਹੋਣ। ਜਿਥੇ ਉਹ ਸਿੰਘ ਸਭਾ ਲਹਿਰ ਦੇ ਰੂਪ ਵਿਚ ਚੱਲੀ ਸਿੱਖੀ ਦੀ ਪੁਨਰ-ਜਾਗ੍ਰਿਤੀ ਲਹਿਰ ਦੇ ਮੋਢੀਆਂ ਵਿੱਚੋਂ ਇਕ ਸਨ. ਉਥੇ ਉਹ ਆਪਣੇ ਸਮੇਂ ਦੇ ਪੰਜਾਬੀ ਦੇ ਬੜੇ ਉੱਤਮ ਅਧਿਆਪਕ ਵੀ ਸਨ। ਭਾਸ਼ਣ ਕਲਾ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਸੀ। ਹਾਜ਼ਰ-ਜਵਾਬੀ ਅਤੇ ਵਾਦ-ਵਿਵਾਦ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਸਿੱਖੀ ਸਿਧਾਂਤਾਂ ਦੇ ਨਿਰਭੈ ਅਤੇ ਸਪਸ਼ਟ ਵਿਆਖਿਆਕਾਰ ਹੋਣ ਦੇ ਨਾਲ-ਨਾਲ ਉਹ ਮਹਾਨ ਸਮਾਜ-ਸੁਧਾਰਕ ਵੀ ਸਨ।ਆਪ ਜੀ ਦਾ ਜਨਮ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸੰਨ ੧੮੫੦ ਈ: ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਦੀਵਾਨ ਸਿੰਘ ਅਤੇ ਮਾਤਾ ਦਾ ਨਾਂ ਮਾਤਾ ਰਾਮ ਕੌਰ ਸੀ। ਭਾਈ ਸਾਹਿਬ ਦਾ ਪਰਵਾਰਿਕ ਪਿਛੋਕੜ ਧਾਰਮਿਕ ਅਤੇ ਫਕੀਰਾਨਾ ਬਿਰਤੀ ਵਾਲਾ ਸੀ । ਸਾਧ ਬਿਰਤੀ ਅਤੇ ਸਿੱਖੀ ਦੀ ਦਾਤ ਆਪ ਨੂੰ ਵਿਰਸੇ 'ਚੋਂ ਪ੍ਰਾਪਤ ਹੋਈ। ਸਿੰਘ ਸਜਣ ਤੋਂ ਪਹਿਲਾਂ ਆਪ ਦਾ ਬਚਪਨ ਦਾ ਨਾਂ ਦਿੱਤ ਰਾਮ ਪ੍ਰਚਲਿਤ ਸੀ। ਪਿਤਾ ਸ. ਦੀਵਾਨ ਸਿੰਘ ਉੱਪਰ ਉਦਾਸੀ ਮਹਾਤਮਾ ਗੁਲਾਬ ਦਾਸ ਜੀ ਦਾ ਵੱਡਾ ਪ੍ਰਭਾਵ ਸੀ। ਸਿੱਟੇ ਵਜੋਂ ਜੀਵਨ ਦੇ ਮੁਢਲੇ ਦੌਰ ਵਿਚ ਸੁਭਾਵਕ ਹੀ ਆਪ ਨੂੰ ਅਨੇਕਾਂ ਉਦਾਸੀ ਸੰਤਾਂ ਦੀ ਸੰਗਤ ਦਾ ਮੌਕਾ ਪ੍ਰਾਪਤ ਹੋਇਆ।ਗਿਆਨੀ ਜੀ ਦੇ ਵਿਅਕਤਿੱਤਵ ਅਤੇ ਜੀਵਨ-ਚਰਿੱਤਰ ਦੇ ਏਨੇ ਪੱਖ ਅਤੇ ਪਾਸਾਰ ਹਨ ਕਿ ਇਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਇਕ ਵੱਡ-ਆਕਾਰੀ ਕਿਤਾਬਵਿਚ ਹੀ ਸੰਭਵ ਹੈ। ਹੱਥਲੇ ਲੇਖ ਦੀ ਸੀਮਾ ਨੂੰ ਮੁੱਖ ਰੱਖਦਿਆਂ ਇਥੇ ਉਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਦਾ ਕੇਵਲ ਸੰਖੇਪ ਅਤੇ ਸੂਤਰਿਕ ਵਰਣਨ ਹੀ ਸੰਭਵ ਹੈ।ਇਕ ਮਿਸ਼ਨਰੀ ਸਿੱਖ ਪ੍ਰਚਾਰਕ ਅਤੇ ਸਮਾਜ ਸੁਧਾਰਕ ਦੇ ਰੂਪ ਵਿਚ:ਗਿਆਨੀ ਦਿੱਤ ਸਿੰਘ ਜੀ ਦੀ ਸ਼ਖ਼ਸੀਅਤ ਦਾ ਮੂਲ ਪਾਸਾਰ ਅਤੇ ਪ੍ਰਭਾਵ ਇਕ ਸਮਰਪਿਤ ਸਿੱਖ ਪ੍ਰਚਾਰਕ, ਪ੍ਰਵਚਨਕਾਰ ਅਤੇ ਸਮਾਜ ਸੁਧਾਰਕ ਦਾ ਹੈ। ਪੰਜਾਬ ਅੰਦਰ ਅੰਗਰੇਜ਼ਾਂ ਦੀ ਆਮਦ ਉਪਰੰਤ ਜਦੋਂ ਈਸਾਈ ਮਿਸ਼ਨਰੀਆਂ ਨੇ ਈਸਾਈ ਮੌਤ ਦੇ ਪ੍ਰਸਾਰ ਦੇ ਖੇਤਰ ਵਿਚ ਹਨੇਰੀ ਲਿਆਂਦੀ ਹੋਈ ਸੀ ਤਾਂ ਉਸ ਸਮੇਂ ਈਸਾਈਅਤ ਦੇ ਵਧਦੇ ਪ੍ਰਭਾਵ ਅਧੀਨ ਸਿੱਖਾਂ ਅੰਦਰ ਵਧ ਰਹੇ ਪਤਿਤਪੁਣੇ ਨੂੰ ਠੱਲ ਪਾਉਣ ਲਈ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਅਤੇ 'ਖਾਲਸਾ ਅਖਬਾਰ' ਰਾਹੀਂ ਜੋ ਹੰਭਲੇ ਮਾਰੇ ਉਹ ਉਲੇਖ ਯੋਗ ਹਨ। ਉਨ੍ਹਾਂ ਦੁਆਰਾ ਬੜੇ ਹੀ ਪ੍ਰਭਾਵਸ਼ਾਲੀ ਅਤੇ ਦਲੀਲਯੁਕਤ ਢੰਗ ਨਾਲ ਕੀਤੇ ਸਿੱਖੀ ਦੇ ਪ੍ਰਚਾਰ ਸਦਕਾ ਹੀ ਸਿੱਖਾਂ ਅੰਦਰ ਈਸਾਈ ਮੱਤ ਪ੍ਰਤੀ ਵਧ ਰਹੇ ਲਗਾਓ ਨੂੰ ਰੋਕਿਆ ਜਾਣਾ ਸੰਭਵ ਹੋ ਸਕਿਆ ਸੀ।ਗਿਆਨੀ ਜੀ ਵਿੱਦਿਆ ਦਾ ਭੰਡਾਰ ਸਨ। ਸਮੁੱਚਾ ਭਾਰਤੀ ਦਰਸ਼ਨ ਉਨ੍ਹਾਂ ਨੇ ਪੜ੍ਹਿਆ-ਗੁੜ੍ਹਿਆ ਹੋਇਆ ਸੀ। ਉਨ੍ਹਾਂ ਦੀ ਆਪਣੇ ਵਿਸ਼ੇ ਵਸਤੂ ਉੱਪਰ ਪਕੜ ਕਿੰਨੀ ਮਜ਼ਬੂਤ ਸੀ ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਉਸ ਸਮੇਂ ਦੇ ਮੰਨੇ-ਪ੍ਰਮੰਨੇ ਵਿਦਵਾਨ ਅਤੇ ਆਰੀਆ ਸਮਾਜ ਦੇ ਸੰਸਥਾਪਕ ਸਾਧੂ ਦਯਾਨੰਦ ਸਰਸਵਤੀ ਨੂੰ ਸ਼ਾਸਤਾਰਥ ਵਿਚ ਇਕ ਵਾਰ ਨਹੀਂ ਸਗੋਂ ਤਿੰਨ ਵਾਰ ਆਪਣੀ ਵਿਦਵਤਾ ਦਾ ਲੋਹਾ ਮੰਨਵਾਇਆ। ਇਸ ਪ੍ਰਸੰਗ ਵਿਚ ਉਨ੍ਹਾਂ ਦੀ ਕਿਤਾਬ 'ਸਾਧੂ ਦਯਾਨੰਦ ਨਾਲ ਮੇਰਾ ਸੰਵਾਦ' ਵਿਚਾਰਯੋਗ ਹੈ।ਆਪ ਜੀ ਮਹਾਨ ਸਮਾਜ ਸੁਧਾਰਕ ਸਨ। ਸਿੱਖ ਸਮਾਜ ਅੰਦਰ ਪਨਪ ਰਹੀਆਂ ਕੁਰੀਤੀਆਂ ਅਤੇ ਆਡੰਬਰੀ ਪ੍ਰਵਿਰਤੀਆਂ ਪ੍ਰਤੀ ਉਹ ਬਹੁਤ ਫਿਕਰਮੰਦ ਸਨ। ਆਪਣੀਆਂ ਰਚਨਾਵਾਂ ਰਾਹੀਂ ਉਹ ਸਿੱਖ ਸਮਾਜ ਨੂੰ ਇਸ ਪ੍ਰਤੀ ਸੁਚੇਤ ਕਰਦੇ ਰਹਿੰਦੇ ਸਨ। ਇਸ ਪ੍ਰਸੰਗ ਵਿਚ ਜਾਤ-ਪਾਤ ਦੇ ਆਧਾਰ 'ਤੇ ਵੱਡੇ ਅਤੇ ਗੁਰਮਤਿ ਦਾ ਅਸਲ ਰਾਹ ਤਿਆਗ ਕੇ ਕੁਰਾਹੇ ਪਏ ਲੋਕਾਂ ਨੂੰ ਵਿਅੰਗਮਈ ਰਚਨਾਵਾਂ ਨਾਲ ਪ੍ਰੇਰ ਕੇ ਗੁਰਮਤਿ ਦਾ ਗਿਆਨ ਦਿੰਦੇ ਰਹੇ ਹਨ।ਇਕ ਨਿਪੁੰਨ ਪੱਤਰਕਾਰ, ਅਧਿਆਪਕ ਅਤੇ ਸਿੱਖਿਆ ਸ਼ਾਸਤਰੀ ਦੇ ਰੂਪ ਵਿਚ: ਗਿਆਨੀ ਦਿੱਤ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਇਕ ਸਨ। ਸਿੱਖੀ ਦੇ ਪ੍ਰਚਾਰ ਨੂੰ ਵਧਾਉਣ ਹਿਤ ਸੰਨ ੧੮੮੬ ਈ: ਵਿਚ ਸਿੰਘ ਸਭਾ ਲਹਿਰ ਵੱਲੋਂ 'ਖਾਲਸਾ ਅਖਬਾਰ' ਸ਼ੁਰੂ ਕੀਤਾ ਗਿਆ। ਗਿਆਨੀ ਜੀ ਲੰਬਾ ਅਰਸਾ ਬੜੀ ਸਰਗਰਮੀ ਨਾਲ ਇਸ ਦੇ ਸੰਪਾਦਕ ਦੇ ਤੌਰ 'ਤੇ ਕਾਰਜ ਕਰਦੇ ਰਹੇ। ਜਿਉਂ ਹੀ ਉਹ ਇਸ ਅਖਬਾਰ ਦੇ ਸੰਪਾਦਕ ਬਣੇ ਉਨ੍ਹਾਂ ਨੇ ਆਪਣੀ ਕਲਮ ਦੇ ਜ਼ੋਰ ਨਾਲ ਇਸ ਵਿਚ ਨਵੀਂਰੂਹ ਫੂਕ ਦਿੱਤੀ ਅਤੇ ਸਿੱਖੀ ਦੇ ਪ੍ਰਚਾਰ ਦੀ ਭਰਪੂਰ ਛਹਿਬਰ ਲਾਈ। ਇਕ ਸਫਲ ਪੱਤਰਕਾਰ ਹੋਣ ਦੇ ਨਾਲ-ਨਾਲ ਆਪ ਨੂੰ ਓਰੀਐਂਟਲ ਕਾਲਜ ਲਾਹੌਰ ਦੇ ਪੰਜਾਬੀ ਦੇ ਬਹੁਤ ਹੀ ਕਾਬਲ ਪ੍ਰਾਅਧਿਆਪਕ ਜਾਂ ਪ੍ਰੋਫੈਸਰ ਹੋਣ ਦਾ ਮਾਣ ਹਾਸਲ ਹੈ। ਆਪ ਕੋਲ ਇਕੱਠਾਂ ਨੂੰ ਘੰਟਿਆਂ ਬੱਧੀ ਨਿਰੰਤਰ ਸੰਬੋਧਨ ਕਰਨ ਅਤੇ ਕੀਲ ਲੈਣ ਦੀ ਬਲਕਾਰੀ ਸਮਰੱਥਾ ਸੀ।ਗਿਆਨੀ ਜੀ ਇਕ ਮਿਸ਼ਨਰੀ ਸਿੱਖਿਆ ਸ਼ਾਸਤਰੀ ਵੀ ਸਨ। ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਖੋਲ੍ਹਣ ਲਈ ਆਪ ਨੇ ਅਨੇਕਾਂ ਉਪਰਾਲੇ ਕੀਤੇ। ਸੰਨ ੧੮੯੨ ਈ: ਵਿਚ ਜਦੋਂ ਅੰਮ੍ਰਿਤਸਰ ਖਾਲਸਾ ਕਾਲਜ ਖੁੱਲ੍ਹਿਆ ਤਾਂ ਕਾਲਜ ਦੀ ਸਥਾਪਨਾ ਵਿਚ ਆਪਦੀ ਵਡਮੁੱਲੀ ਭੂਮਿਕਾ ਅਤੇ ਉੱਚ ਧਾਰਮਿਕ ਬਿਰਤੀ ਨੂੰ ਮੁੱਖ ਰੱਖਦਿਆਂ ਮੋਹਰੀ ਸੱਜਣਾਂ ਨੇ ਆਪ ਨੂੰ ਕਾਲਜ ਪ੍ਰਬੰਧਕ ਕਮੇਟੀ ਵਿਚ ਇਕ ਧਾਰਮਿਕ ਮੈਂਬਰ ਵਜੋਂ ਨਿਯੁਕਤ ਕਰ ਦਿੱਤਾ। ਜੀਵਨ ਭਰ ਆਪ ਜੀ ਇਸ ਅਹੁਦੇ ਤੇ ਕਾਇਮ ਰਹੇ। ਇਹ ਵੀ ਉਲੇਖਯੋਗ ਹੈ ਕਿ ਗਿਆਨੀ ਜੀ ਦੇ ਅਕਾਲ ਚਲਾਣੇ ਪਿੱਛੋਂ ਇਸ ਅਤਿ ਸਤਿਕਾਰਯੋਗ ਅਹੁਦੇ ਦੀ ਜ਼ਿੰਮੇਵਾਰੀ ਭਾਈ ਕਾਹਨ ਸਿੰਘ ਨਾਭਾ ਨੂੰ ਸੌਂਪੀ ਗਈ।

**ਡਾ. ਜਗਜੀਵਨ ਸਿੰਘ**

# ਸਿੱਖ ਰਾਜਨੀਤਿਕ ਸਰੋਕਾਰ ਅਤੇ ਸਿੱਖ ਇਸਤਰੀ ਦੀ ਭੂਮਿਕਾ

ਸਾਡੇ ਸਤਿਗੁਰੂ ਨਿਰਣਾ ਦੇ ਰਹੇ ਹਨ ਕਿ ਵੱਡੇ-ਵੱਡੇ ਰਾਜਿਆਂ ਨੂੰ ਜਨਮ ਦੇਣ ਵਾਲੀ ਹਸਤੀ, ਇਕ ਔਰਤ ਹੀ ਹੈ, ਇਕ ਇਸਤਰੀ ਹੀ ਹੈ। ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਮਹਾਨ ਵਿਚਾਰਾਂ ਦੇ ਮੱਦੇਨਜ਼ਰ, ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਇਕ ਵਿਸ਼ੇਸ਼ ਹੋਣੀ ਚਾਹੀਦੀ ਹੈ ਤੇ ਬਿਨਾਂ ਸ਼ੱਕ ਇਹ ਰਹੀ ਵੀ ਹੈ। ਗੁਰੂ ਨਾਨਕ ਸਾਹਿਬ ਦਾ ਫ਼ਰਮਾਨ ਹੈ:


ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।( ਅੰਗ ੪੭੩)

ਅਸੀਂ ਜੇਕਰ ਇਸ ਵਿਸ਼ੇ ਦੀ ਡੂੰਘਾਈ ਨਾਲ ਪੜਚੋਲ ਕਰੀਏ ਤਾਂ ਸਾਨੂੰ ਸ਼ੁਰੂਆਤ ਗੁਰੂ ਨਾਨਕ ਸਾਹਿਬ ਦੇ ਮਹਿਲ ਮਾਤਾ ਸੁਲੱਖਣੀ ਜੀ ਤੋਂ ਕਰਨੀ ਪਵੇਗੀ। ਗੁਰੂ ਨਾਨਕ ਸਾਹਿਬ ਦਾ ਧਾਰਮਿਕ ਸਫ਼ਰ ਮਨੁੱਖਤਾ ਦੀ ਭਲਾਈ ਲਈ ਹੀ ਸੀ, ਫਿਰ ਵੀ ਸਾਨੂੰ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਦੇ ਹਰ ਇਕ ਕਦਮ ਨਾਲ ਰਾਜਨੀਤੀ ਪ੍ਰਭਾਵਿਤ ਹੁੰਦੀ ਰਹੀ ਹੈ ਤੇ ਤਖ਼ਤ ਥਰਥਰਾਉਂਦੇ ਰਹੇ। ਗੁਰੂ ਨਾਨਕ ਸਾਹਿਬ ਦੇ ਧਰਮੀ-ਸਫ਼ਰ ਨੇ ਰਾਜਨੀਤੀ ਨੂੰ ਜਿੱਥੇ-ਜਿੱਥੇ ਪ੍ਰਭਾਵਿਤ ਕੀਤਾ, ਰਾਜਨੀਤਿਕ ਗਲਿਆਰਿਆਂ ਅੰਦਰ ਇਕ ‘ਤੀਸਰੇ ਮਜ਼੍ਹਬ' ਦੀ ਹੋਂਦ ਦਾ ਅਹਿਸਾਸ ਕਰਵਾਇਆ ਤਾਂ ਉਸ ਦੇ ਵਿਚ ਮਾਤਾ ਸੁਲੱਖਣੀ ਜੀ ਦਾ ਯੋਗਦਾਨ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਮਿਸਾਲ ਦੇ ਤੌਰ 'ਤੇ ਜਦੋਂ ਬਾਬਰ ਨੇ ਹਿੰਦੁਸਤਾਨ ਉੱਤੇ ਹਮਲਾ ਕੀਤਾ, ਕਹਿਰੀ ਕਤਲੇਆਮ ਮਚਾਈ ਤਾਂ ਉਸ ਵੇਲੇ ਐਮਨਾਬਾਦ 'ਚ ਮੌਜੂਦ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਨੇ ਪੂਰੇ ਹਿੰਦੁਸਤਾਨ ਵਿੱਚੋਂ ਇਕੱਲਿਆਂ ਇਸ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਈ। ਉਸ ਮੌਕੇ ਜਦੋਂ ਗੁਰੂ ਸਾਹਿਬ ਨੇ ‘ਬਾਬਰ' ਨੂੰ ‘ਜਾਬਰ’ ਕਿਹਾ, ਉਸ ਦੀ ਫ਼ੌਜ ਨੂੰ ‘ਪਾਪ ਕੀ ਜੰਞ’ ਕਹਿ ਕੇ ਉਸ ਦੀ ਆਤਮਾ ਨੂੰ ਝੰਜੋੜਿਆ ਤਾਂ ਇਹ ਇਕ ਅਜਿਹੀ ਅਲੋਕਾਰੀ ਘਟਨਾ ਸੀ, ਜਿਸ ਨੇ ਅਗਲੀ ਲੱਗਭਗ ਇੱਕ ਸਦੀ ਤਕ ਹਿੰਦੁਸਤਾਨ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨਾ ਸੀ। ਮੁਗ਼ਲ ਖ਼ਾਨਦਾਨ ਨੂੰ ਰਾਜ ਕਰਨ ਦੀ ਜਾਚ ਸਿਖਾਈ ਸੀ ਗੁਰੂ ਸਾਹਿਬ ਨੇ। ਇਹ ਤਾਂ ਹੀ ਸੰਭਵ ਹੋ ਸਕਿਆ ਸੀ ਜੇਕਰ ਗੁਰੂ ਸਾਹਿਬ ਆਪਣੇ ਪਰਵਾਰ ਨੂੰ ਇਕੱਲਿਆਂ ਛੱਡ ਕੇ ਮਨੁੱਖਤਾ ਦੀਆਂ ਪੀੜਾਂ ਹਰਦੇ ਹੋਏ ਵਿਚਰ ਰਹੇ ਸਨ, ਸਫ਼ਰ ਕਰ ਰਹੇ ਸਨ। ਉਨ੍ਹਾਂ ਦੇ ਇਸ ਪਰਉਪਕਾਰੀ ਸਫ਼ਰ ਦੇ ਪਿੱਛੇ ਮਾਤਾ ਸੁਲੱਖਣੀ ਜੀ ਦਾ ਬੜਾ ਨਿੱਗਰ ਯੋਗਦਾਨ ਸੀ । ਜਦੋਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਜਗਤ-ਜਲੰਦਾ ਠਾਰਨ ਲਈ ਇਸ ਸਫ਼ਰ ਦੀ ਲੋੜ ਬਾਰੇ ਦੱਸਿਆ ਸੀ ਤਾਂ ਮਾਤਾ ਸੁਲੱਖਣੀ ਜੀ ਨੇ ਦੁਨੀਆਂ ਦੇ ਦੁੱਖ ਮਿਟਾਉਣ ਲਈ ਆਪਣੇ ਪਤੀ ਦਾ ਲੰਮਾ ਵਿਛੋੜਾ ਹੱਸ ਕੇ ਸਹਾਰ ਲਿਆ ਸੀ। ਇਸ ਲਈ ਰਾਜਨੀਤਿਕ ਸਰੋਕਾਰਾਂ ਵਿਚ ਸਿੱਖ ਇਸਤਰੀ ਦੀ ਭੂਮਿਕਾ ਦਾ ਅਰੰਭ ਤਾਂ ਮਾਤਾ ਸੁਲੱਖਣੀ ਜੀ ਤੋਂ ਹੀ ਹੋ ਜਾਂਦਾ ਹੈ। ਉਸ ਤੋਂ ਬਾਅਦ ਇਹ ਭੂਮਿਕਾ ਕਦੇ ਵੀ, ਕਿਸੇ ਵੀ ਮੋੜ 'ਤੇ ਧੁੰਦਲੀ ਨਹੀਂ ਪਈ।ਜਦੋਂ ਬਾਦਸ਼ਾਹ ਜਹਾਂਗੀਰ ਵੇਲੇ, ਮੁਗ਼ਲ ਹਕੂਮਤ ਰਾਜਨੀਤੀ ਦੇ ਆਦਰਸ਼ਾਂ ਤੋਂ ਲਾਂਭੇ ਜਾਣੀ ਸ਼ੁਰੂ ਹੋਈ, ਓਦੋਂ ਉਸ ਦੀ ਸਿੱਖ ਲਹਿਰ ਦੇ ਨਾਲ ਟੱਕਰ ਹੁੰਦੀ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਤੀ ਤਵੀ 'ਤੇ ਬੈਠ ਕੇ ਸ਼ਹਾਦਤ ਦਿੰਦੇ ਹਨ। ਇਸ ਮਹਾਨ ਸ਼ਹੀਦੀ ਤੋਂ ਬਾਅਦ ‘ਬਾਬੇ ਕਿਆਂ' ਤੇ 'ਬਾਬਰ ਕਿਆਂ' ਵਿਚ ਇਕ ਨਵੀਂ ਟੱਕਰ ਅਰੰਭ ਹੁੰਦੀ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰਦੇ ਹਨ, ਸਿੱਖਾਂ ਨੂੰ ਸ਼ਸਤਰਧਾਰੀ ਕਰ ਕੇ ਫ਼ੌਜੀ ਸਿਖਲਾਈ ਦਿੰਦੇ ਹਨ, ਦਿੱਲੀ ਤਖ਼ਤ ਦੇ ਨਕਲੀਪਣ ਨੂੰ ਜ਼ਾਹਰ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਚ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕਰ ਕੇ ਮੁਗ਼ਲ ਰਾਜਨੀਤੀ ਨੂੰ ਚੁਣੌਤੀ ਦਿੰਦੇ ਹਨ; ਤੇ ਇਸ ਸਾਰੇ ਵਰਤਾਰੇ ਵਿਚ ਅਸੀਂ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਮਹਿਲ ਮਾਤਾ ਗੰਗਾ ਜੀ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੁਗੋ-ਜੁਗ ਅਟੱਲ ਸੱਚੀ ਪਾਤਸ਼ਾਹੀ ਦੀ ਛਤਰ-ਛਾਇਆ ਹੇਠ ਸਿੱਖ ਰਾਜਨੀਤੀ ਦੀ ਇਹ ਨਵੀਂ ਨੁਹਾਰ ਪ੍ਰਗਟ ਹੋਈ, ਜਿਸ ਵਿਚ ਮਾਤਾ ਗੰਗਾ ਜੀ ਦਾ ਉੱਘਾ ਯੋਗਦਾਨ ਸੀ। ਇਸ ਨਾਲ ਸਿੱਖ ਸਫ਼ਰ ਵਿਚ ਆਇਆ ਇਹ ਨਵਾਂ ਮੋੜ ਮੁਗ਼ਲ ਹਕੂਮਤ ਨੂੰ ਸਿੱਖ ਮਜ਼੍ਹਬ ਦੇ ਨਾਲ-ਨਾਲ 'ਸਿੱਖ ਰਾਜਨੀਤੀ' ਦੀ ਹੋਂਦ ਨੂੰ ਵੀ ਪ੍ਰਵਾਨ ਕਰਨ ਲਈ ਮਜਬੂਰ ਕਰ ਗਿਆ।ਮਾਤਾ ਗੰਗਾ ਜੀ ਵਰਗੀ ਹੀ ਪੁਜ਼ੀਸ਼ਨ ਅਸੀਂ ਅਗਾਂਹ ਮਾਤਾ ਗੁਜਰੀ ਜੀ ਦੀ ਵੀ ਵੇਖਦੇ ਹਾਂ। ਪਰ ਮਾਤਾ ਗੁਜਰੀ ਜੀ ਦੀ ਘਾਲਣਾ ਹਿੰਦੁਸਤਾਨ ਦੀ ਰਾਜਨੀਤੀ ਪ੍ਰਭਾਵਿਤ ਕਰਨ ਹਿਤ ਇਸ ਤੋਂ ਵੀ ਵਧੇਰੇ ਯੋਗਦਾਨ ਪਾਉਂਦੀ ਹੈ; ਉਸ ਯੋਗਦਾਨ ਦੇ ਨਕਸ਼ ਅਸੀਂ ਨਿੱਕੇ-ਨਿੱਕੇ ਪੋਤਿਆਂ ਸਮੇਤ ਗ੍ਰਿਫ਼ਤਾਰ ਹੋਣ ਪਿੱਛੋਂ ਮਾਤਾ ਗੁਜਰੀ ਜੀ ਦੀ ਮਹਾਨ ਰਹਿਨੁਮਾਈ 'ਚੋਂ ਵੇਖ ਸਕਦੇ ਹਾਂ। ਮਾਤਾ ਗੁਜਰੀ ਜੀ ਉਨ੍ਹਾਂ ਨਿੱਕੇ-ਨਿੱਕੇ ਸਾਹਿਬਜ਼ਾਦਿਆਂ ਨੂੰ ਮੁਗ਼ਲ ਹਕੂਮਤ ਨੂੰ ਸਲਾਮ ਕਰਨ ਦੀ ਬਜਾਏ, ਭਿਆਨਕ ਡਰਾਵਿਆਂ ਤੇ ਲਲਚਾਉਂਦੇ ਲਾਲਚਾਂ ਦੀਆਂ ਰੁਕਾਵਟਾਂ ਪਾਰ ਕਰ ਕੇ ਸ਼ਹਾਦਤ ਦੀ ਸਿਖ਼ਰ ਤਕ ਲੈ ਕੇ ਜਾਂਦੀ ਹੈ। ਤੇ ਇਹ ਇਤਿਹਾਸਕਾਰਾਂ ਨੇ ਨਿਰਣਾ ਕੀਤਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸਿਖ਼ਰ ਵਾਲੀ ਘਟਨਾ ਹੀ ਇਕ ਐਸੀ ਘਟਨਾ ਸੀ, ਜਿਸ ਨੇ ਮੁਗ਼ਲ ਹਕੂਮਤ ਦੀ ਜੜ੍ਹ ਪੁੱਟੀ ਤੇ ਸਿੰਘਾਂ ਦੀ ਸਲਤਨਤ ਦਾ ਪੌਦਾ ਲਾਇਆ। ਇਸ ਲਈ ਮੁਗ਼ਲ ਹਕੂਮਤ ਦੀ ਹਿੱਕ 'ਤੇ ਖ਼ਾਲਸਾ ਹਕੂਮਤ ਦਾ ਝੰਡਾ ਗੱਡੇ ਜਾਣ ਦੀ ਵਡਿਆਈ ਮਾਤਾ ਗੁਜਰੀ ਜੀ ਦੀ ਝੋਲੀ ਵਿਚ ਪੈਂਦੀ ਹੈ।ਹੁਣ ਅਸੀਂ ਦਸਵੇਂ ਪਾਤਸ਼ਾਹ ਦੇ ਮਹਿਲ ਮਾਤਾ ਸੁੰਦਰੀ ਜੀ ਦੀ ਭੂਮਿਕਾ ਨੂੰ ਵੇਖਦੇ ਹਾਂ ਤਾਂ ਇਹ ਹਕੀਕਤ ਸਾਹਮਣੇ ਆਉਂਦੀ ਹੈ ਕਿ ਮਾਤਾ ਸੁੰਦਰੀ ਜੀ ਦਸਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਵੀ ਸਿੱਖ ਰਾਜਨੀਤੀ ਨੂੰ ਸੇਧ ਪ੍ਰਦਾਨ ਕਰਦੇ ਰਹੇ। ਭਾਵੇਂ ਕਿ ਕਈ ਗੁਮਰਾਹ ਲੇਖਕਾਂ ਨੇ ਮਾਤਾ ਸੁੰਦਰੀ ਜੀ ਉੱਤੇ ਮੁਗ਼ਲ ਹਕੂਮਤ ਦੀ ਮਦਦ ਕਰਨ ਦੇ ਇਲਜ਼ਾਮ ਤਕ ਲਾ ਦਿੱਤੇ ਸਨ, ਪਰ ਜੇਕਰ ਅਜਿਹਾ ਹੁੰਦਾ ਤਾਂ ਫਿਰ ਸ਼ਾਇਦ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਅਗਵਾਈ 'ਚ ਸਿੱਖ ਰਾਜਨੀਤੀ ਹਿੰਦੁਸਤਾਨ ਦੇ ਇੱਕ ਵੱਡੇ ਹਿੱਸੇ 'ਤੇ ਏਨੀ ਛੇਤੀ ਅਸਰ-ਅੰਦਾਜ਼ ਨਾ ਹੁੰਦੀ, ਜਿੰਨੀ ਛੇਤੀ ਉਹ ਹੋਈ ਕਿਉਂਕਿ ਉਦੋਂ ਤਾਂ ਅਜੇ ਸਿੱਖ ਮਾਨਸਿਕਤਾ ਨੇ ਗੁਰੂ-ਪਰਵਾਰ ਤੋਂ ਜੁਦਾ ਹੋ ਕੇ ਤੁਰਨ ਦਾ ਭਾਣਾ ਵੀ ਪੂਰੀ ਤਰ੍ਹਾਂ ਨਹੀਂ ਸੀ ਮੰਨਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਵੀ ਮਾਤਾ ਸੁੰਦਰੀ ਜੀ ਸਿੱਖ ਰਾਜਨੀਤੀ 'ਤੇ ਅਸਰ ਕਰਨ ਯੋਗ ਪ੍ਰਭਾਵ ਵਰਤਦੇ ਰਹੇ ਹਨ। ਇਹ ਤੱਥ ਇਤਿਹਾਸ ਦਾ ਅੰਗ ਹੈ ਕਿ ਸਿੱਖ ਕੌਮ ਦਾ ਵੱਡਾ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ, ਜਿਸ ਨੇ ਸਿੱਖ ਰਾਜਨੀਤੀ ਨੂੰ ਦਿੱਲੀ ਦੇ ਲਾਲ ਕਿਲ੍ਹੇ 'ਤੇ ਹਾਕਮ ਰਾਜਨੀਤੀ ਵਜੋਂ ਸਥਾਪਿਤ ਤੇ ਜਾਰੀ ਕਰ ਕੇ ਵਿਖਾਇਆ, ਉਸ ਜਰਨੈਲ ਨੂੰ ਬਚਪਨ ਵਿਚ ਸਿੱਖੀ ਦੇ ਸੰਸਕਾਰ ਮਾਤਾ ਸੁੰਦਰੀ ਜੀ ਨੇ ਹੀ ਪ੍ਰਦਾਨ ਕੀਤੇ ਸਨ ਤੇ ਫਿਰ ਅਗਲੀ ਘਾੜਤ ਲਈ ਉਸ ਵੇਲੇ ਗੁਰੀਲਾ ਯੁੱਧ ਦੀ ਅਗਵਾਈ ਕਰ ਰਹੇ ਸਰਦਾਰ ਨਵਾਬ ਕਪੂਰ ਸਿੰਘ ਜੀ ਦੇ ਕੋਲ ਭੇਜ ਦਿੱਤਾ ਸੀ।ਇਤਿਹਾਸ ਦੇ ਇਸ ਦੌਰ ਤੋਂ ਬਾਅਦ ਸਿੱਖ ਮਿਸਲਾਂ ਦਾ ਸਮਾਂ ਆਉਂਦਾ ਹੈ, ਜਦੋਂ ਸਿੱਖ ਹਿੰਦੁਸਤਾਨ ਦੇ ਇਕ ਵੱਡੇ ਹਿੱਸੇ 'ਤੇ ਕਾਬਜ਼ ਤਾਂ ਹੋ ਗਏ, ਇਤਿਹਾਸ ਦੱਸਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਕ ਸਫਲ ਰਾਜਨੀਤਿਕ ਵਾਂਗ ਇਕ-ਇਕ ਕਰ ਕੇ ਸਾਰੀਆਂ ਮਿਸਲਾਂ ਨੂੰ ਆਪਣੇ ਨਾਲ ਮਿਲਾਇਆ ਤੇ ਸਿੱਖ ਰਾਜਨੀਤਿਕ ਤਾਕਤ ਜਥੇਬੰਦ ਹੋਈ, ਪਰ ਮਹਾਰਾਜਾ ਰਣਜੀਤ ਸਿੰਘ ਦੀ ਇਸ ਸਫਲਤਾ ਪਿੱਛੇ ਉਸ ਦੀ ਸੱਸ ਰਾਣੀ ਸਦਾ ਕੌਰ ਦੀ ਵਿਸ਼ੇਸ਼ ਭੂਮਿਕਾ ਸੀ ਜਿਸ ਨੂੰ ਉੱਘੇ ਇਤਿਹਾਸਕਾਰ ਕਬੂਲ ਕਰਦੇ ਹਨ। ਇਸ ਲਈ ਕਾਬਲ-ਕੰਧਾਰ ਦੀ ਧਰਤੀ ਤਕ ਅੱਜ ਵੀ ਜਿਹੜੇ ਸੁਚੱਜੀ ਤੇ ਇਨਸਾਫ਼ਪਸੰਦ ਸਿੱਖ ਰਾਜਨੀਤੀ ਦੇ ਨਿਸ਼ਾਨ ਮਿਲਦੇ ਨੇ ਤਾਂ ਇਹਦੇ ਵਿਚ ਵੀ ਸਿੱਖ ਇਸਤਰੀ ਦੀ ਬਹੁਤ ਵੱਡੀ ਭੂਮਿਕਾ ਹੈ।ਇਤਿਹਾਸ ਅੰਦਰ ਸਿੱਖ ਰਾਜ ਦੀ ਸਲਾਮਤੀ ਲਈ ਜਿਵੇਂ ਅਸੀਂ ਪਟਿਆਲਾ ਰਾਜ ਘਰਾਣੇ ਦੀ ਧੀ ਸਾਹਿਬ ਕੌਰ ਨੂੰ ਆਪਣੇ ਭਰਾ ਤੋਂ ਵੱਧ ਯੋਗਦਾਨ ਪਾਉਂਦਿਆਂ ਵੇਖਦੇ ਹਾਂ, ਉਸੇ ਹੀ ਤਰ੍ਹਾਂ ਮਹਾਰਾਣੀ ਜਿੰਦਾਂ ਦੀ ਭੂਮਿਕਾ ਬਹੁਤ ਨਿੱਗਰ ਹੈ। ਸਿੱਖਾਂ ਦੇ ਰਾਜ ਨੂੰ ਛਲ-ਕਪਟ ਨਾਲ ਹਥਿਆ ਲੈਣ ਪਿੱਛੋਂ ਜੇ ਅੰਗਰੇਜ਼ਾਂ ਨੂੰ ਕਿਸੇ ਤੋਂ ਡਰ ਲੱਗਦਾ ਰਿਹਾ ਸੀ ਤਾਂ ਉਹ ਮਹਾਰਾਣੀ ਜਿੰਦਾਂ ਤੋਂ ਹੀ ਲੱਗਦਾ ਰਿਹਾ ਸੀ। ਇਸੇ ਲਈ ਮਹਾਰਾਣੀ ਜਿੰਦਾਂ ਨੂੰ ਕੈਦ ਕੀਤਾ ਗਿਆ, ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰਉਸ ਤੋਂ ਅਲੱਗ ਕੀਤਾ ਗਿਆ ਤੇ ਸਿੱਖਾਂ ਵਿਚ ਮਹਾਰਾਣੀ ਨੂੰ ਬਦਨਾਮ ਕਰਨ ਲਈ ਕਈ ਕਿਸਮ ਦਾ ਝੂਠਾ ਪ੍ਰਾਪੇਗੰਡਾ ਕੀਤਾ ਗਿਆ। ਮਹਾਰਾਣੀ ਜਿੰਦਾਂ ਅੰਗਰੇਜ਼ਾਂ ਦੀ ਕੈਦ 'ਚੋਂ ਫ਼ਰਾਰ ਹੋ ਕੇ ਨਿਪਾਲ ਪਹੁੰਚ ਗਈ ਪਰ ਅੰਗਰੇਜ਼ਾਂ ਨੇ ਉਦੋਂ ਤਕ ਉਸ ਨੂੰ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਨਾ ਮਿਲਣ ਦਿੱਤਾ ਜਦ ਤਕ ਉਹ ਅੱਖਾਂ ਤੋਂ ਅੰਨ੍ਹੀ ਨਾ ਹੋ ਗਈ। ਪਰ ਇਤਿਹਾਸਕਾਰਾਂ ਦਾ ਨਿਰਣਾ ਹੈ ਕਿ ਇਸ ਹਾਲਤ ਵਿਚ ਵੀ ਜਦੋਂ ਮਹਾਰਾਣੀ ਜਿੰਦਾਂ ਮਹਾਰਾਜਾ ਦਲੀਪ ਸਿੰਘ ਨੂੰ ਮਿਲੀ ਤਾਂ ਉਸ ਨੇ ਦਲੀਪ ਸਿੰਘ ਦੇ ਦਿਲ ਅੰਦਰੋਂ ਖੁੱਸਿਆ ਹੋਇਆ ਸਿੱਖ ਰਾਜ ਦੁਬਾਰਾ ਹਾਸਲ ਕਰਨ ਦੀ ਚਿਣਗ ਜਗਾ ਦਿੱਤੀ ਤੇ ਮਹਾਰਾਜਾ ਦਲੀਪ ਸਿੰਘ ਨੂੰ ਵਾਪਸ ਸਿੱਖ ਧਰਮ ਵਿਚ ਵੀ ਮੋੜ ਲਿਆਂਦਾ।ਇੱਥੇ ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਉਸ ਸਿਖ਼ਰ 'ਤੇ ਪਹੁੰਚਦੀ ਹੈ। ਪਰ ਅਸੀਂ ਵੇਖਦੇ ਹਾਂ ਕਿ ਇਤਿਹਾਸ ਦੇ ਇਸ ਦੌਰ ਤੋਂ ਬਾਅਦ ਸਿੱਖ ਰਾਜਨੀਤੀ ਵਿਚ ਸਿੱਖ ਇਸਤਰੀ ਦੀ ਭੂਮਿਕਾ ਸੀਮਿਤ ਹੋਣੀ ਸ਼ੁਰੂ ਹੋ ਗਈ। ਦਰਅਸਲ ਇਹ ਉਹ ਸਮਾਂ ਸੀ ਜਦੋਂ ਸਿੱਖ ਸਮਾਜ ਉੱਤੇ ਬਿਪਰ ਸੰਸਕਾਰ ਭਾਰੂ ਹੋਣੇ ਸ਼ੁਰੂ ਹੋ ਗਏ, ਜਿਨ੍ਹਾਂ ਅਨੁਸਾਰ ਇਸਤਰੀ ਨੂੰ 'ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਇਸ ਦੌਰ ਵਿੱਚ ਸਿੱਖ ਇਸਤਰੀ ਦੀ ਭੂਮਿਕਾ ਨੂੰ ਘਰ ਦੀ ਚਾਰਦੀਵਾਰੀ ਦੇ ਅੰਦਰ ਤਕ ਸੀਮਿਤ ਕਰਨ ਵਿਚ ਬਿਪਰ ਸੰਸਕਾਰ ਕਾਫ਼ੀ ਹੱਦ ਤਕ ਸਫਲ ਹੋਏ। ਸਿੱਖ ਇਸਤਰੀ ਇਸ ਅਣਚਾਹੀ ਹਾਲਤ 'ਚੋਂ ਨਿਕਲਣ ਵਾਸਤੇ ਤਾਂਘ ਰੱਖਦੀ ਹੈ ਪਰ ਮੇਰਾ ਵਿਸ਼ਵਾਸ ਹੈ ਕਿ ਸਿੱਖ ਇਸਤਰੀ ਅੱਜ ਵੀ ਸਿੱਖ ਰਾਜਨੀਤੀ ਵਿਚ ਅਸਰਦਾਰ ਭੂਮਿਕਾ ਨਿਭਾ ਸਕਦੀ ਹੈ।ਸਿੱਖ ਇਸਤਰੀ ਨੂੰ ਇਹ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਉਣ ਲਈ ਖ਼ੁਦ ਯਤਨਸ਼ੀਲ ਹੋਣਾ ਪਵੇਗਾ।

**ਬੀਬੀ ਸੰਦੀਪ ਕੌਰ**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮


# SCAN HERE

FOR ALL SIKH
CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

